# ਸਮਤਾ

ਅਗਸਤ 1985 (ਅੰਕ 63)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਕੈਨੇਡਾ ਤੋਂ ਨਿਕਲਦੇ ਸਾਹਿਤਕ ਮੈਗਜ਼ੀਨ "ਵਤਨ" ਦੇ ਵੈੱਬਸਾਈਟ 'ਤੇ ਪਾਉਣ ਲਈ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੀ ਜਾਤੀ ਲਾਇਬ੍ਰੇਰੀ ਵਿੱਚੋਂ।

ਅਗਸਤ 1985

ਮੁੱਲ—ਦੋ ਰੁਪਏ

63

## ਇਸ ਅੰਕ ਵਿਚ

- **ਸੰਪਾਦਕੀ** : ਦੋ ਧਿਰਾਂ ਦੀ ਪੰਜਾਬ ਵਿਚ ਜੋ ਆਪਸੀ ਲੜਾਈ ਹੋ ਰਹੀ ਸੀ, ਸੁਲਾਹ ਵਿਚ ਬਦਲ ਗਈ ਹੈ। ਕੁਝ ਮੰਗਾਂ ਮੰਨੀਆਂ ਗਈਆਂ ਹਨ, ਪਰ ਕੀ ਇਹਨਾਂ ਮੰਗਾਂ ਮੰਨੇ ਜਾਣ ਨਾਲ ਸਾਧਾਰਨ ਲੋਕਾਂ ਦੀ ਜ਼ਿੰਦਗੀ ਵਿਚ ਕੋਈ ਫਰਕ ਪਿਆ ਹੈ, ਜਵਾਬ ਹੈ; ਨਹੀਂ। ਸਾਫ਼ ਹੈ ਕਿ ਲੜਾਈ ਲੋਕਾਂ ਦੀ ਨਹੀਂ ਸੀ, ਭਾਵੇਂ ਇਹਦੇ ਵਿਚ ਹਰ ਕੁਰਬਾਨੀ ਲੋਕਾਂ ਨੇ ਹੀ ਦਿੱਤੀ। ਲੋੜ ਹੈ ਕਿ ਧਰਮ, ਜਾਤ ਅਤੇ ਇਲਾਕੇ ਤੋਂ ਉਚੇ ਉਠਕੇ ਸਮੁੱਚੇ ਮਨੁੱਖ ਦੇ ਹੱਕਾਂ ਦੀ ਲੜਾਈ ਲੜੀਏ। ਵੀਹਵੀਂ ਸਦੀ ਵਿਚ ਜਦੋਂ ਮਨੁੱਖ ਨੇ ਸਾਇੰਸ ਦੀ ਏਨੀ ਪ੍ਰਾਪਤੀ ਕਰ ਲਈ ਕਿ ਹਰ ਮਨੁੱਖ ਨੂੰ ਚੰਗਾ ਜੀਵਨ ਦਿੱਤਾ ਜਾ ਸਕਦਾ ਹੈ ਤਾਂ ਜ਼ਰੂਰੀ ਬਣ ਜਾਂਦਾ ਹੈ ਕਿ ਭ੍ਰਿਸ਼ਟ ਅਤੇ ਲੋਟੂ ਸਮਾਜ ਦੀਆਂ ਜੜ੍ਹਾਂ ਪੁੱਟ ਕੇ ਇਕ ਐਸਾ ਸਮਾਜ ਬਣਾਈਏ ਜਿੱਥੇ ਹਰ ਮਨੁੱਖ ਭੁੱਖ ਨੰਗ ਤੋਂ ਰਹਿਤ ਮਾਣ ਅਤੇ ਸਤਿਕਾਰ ਨਾਲ ਰਹਿ ਸਕੇ। ਸੁਲਾਹ ਦੇ ਬਾਦ ਇਹੀ ਰੁਖ਼ ਹੋਣਾ ਚਾਹੀਦਾ ਹੈ।
- **ਗੁਰਸ਼ਰਨ ਸਿੰਘ ਦੀ ਕੈਨੇਡਾ ਅਤੇ ਅਮਰੀਕਾ ਫੇਰੀ ਬਾਰੇ ਕੁਝ ਪ੍ਰਭਾਵ** : ਅਸੀਂ ਦੇਸ਼ ਤੋਂ ਬਾਹਰ ਕਿਧਰੇ ਵੀ ਵਸਦੇ ਹੋਈਏ, ਸਾਡਾ ਧਿਆਨ ਹਮੇਸ਼ਾ ਅਪਣੀ ਜਨਮ ਧਰਤੀ ਵਲ ਰਹਿੰਦਾ ਹੈ। ਬਾਹਰ ਵਸਦੇ ਪੰਜਾਬ ਦੇ ਲੋਕ ਪੰਜਾਬ ਬਾਰੇ ਸਾਡੇ ਤੋਂ ਵੀ ਵੱਧ ਫਿਕਰਮੰਦ ਹਨ। ਵਤਨ ਵਲੋਂ ਠੰਢੀਆਂ ਹਵਾਵਾਂ ਦੀ ਉਹਨਾਂ ਨੂੰ ਉਡੀਕ ਹੈ।
  ਬਾਹਰਲੇ ਮੁਲਕਾਂ ਦੀਆਂ ਪ੍ਰਾਪਤੀਆਂ ਵੇਖ ਕੇ ਅਪਣੀ ਭੁੱਖ ਅਤੇ ਕੰਗਾਲੀ ਉਤੇ ਸ਼ਰਮ ਮਹਿਸੂਸ ਹੁੰਦੀ ਹੈ।......
  ਪਾਕਿਸਤਾਨ ਦੀ ਫੌਜੀ ਡਿਕਟੇਟਰਸ਼ਿਪ ਇਕ ਜਾਬਰ ਸਰਕਾਰ ਹੈ—ਬਾਹਰ ਵਸਦੇ ਪਾਕਿਸਤਾਨੀਆਂ ਦੇ ਕੁਝ ਪ੍ਰਭਾਵ।
- ਜਿੰਦਰ ਦੀ ਕਹਾਣੀ : **ਮਾਈਨਸ ਵਿਆਜ**—ਮਿਹਨਤਕਸ਼ ਤਬਕੇ ਦੇ ਜ਼ੁਲਮ ਦੀ ਕਹਾਣੀ
- **ਕੁਰਬਾਨੀ ਦੇ ਪ੍ਰਸੰਗ ਵਿਚ** : ਗੁਰਨਾਮ ਸਿੰਘ ਨੇ ਆਪਣੇ ਲੇਖ ਵਿਚ ਇਹ ਵਿਚਾਰ ਪੇਸ਼ ਕੀਤੇ ਹਨ ਕਿ ਸੰਘਰਸ਼ ਕਰਦੇ ਲੋਕਾਂ ਦੀ ਮੌਤ ਨਾਲੋਂ ਜ਼ਿੰਦਗੀ ਦੀ ਵੱਧ ਲੋੜ ਹੈ। ਭਗਤ ਸਿੰਘ ਦੀ ਮਿਸਾਲ ਲੈਂਦਿਆਂ ਉਹਨੇ ਸਾਬਤ ਕੀਤਾ ਹੈ ਕਿ ਉਹਦੀ ਫਾਂਸੀ ਗਾਂਧੀਵਾਦ ਲਈ ਇਕ ਤੋਹਫਾ ਸਾਬਤ ਹੋਈ...ਲੋਕ ਕੁਹਰਾਮ ਤ੍ਰਿਆਰ ਕਰਨਾ ਵੀ ਵੱਡੀ ਕੁਰਬਾਨੀ ਹੈ।
- **ਮਧੂ ਕਿਸ਼ਵਰ ਦਾ ਬਹੁ ਚਰਚਿੱਤ ਲੇਖ Sikhs Alienated**
  ਹਰ ਮਸਲੇ ਨੂੰ ਹਲ ਕਰਨ ਵਿਚ ਭਾਰਤ ਸਰਕਾਰ ਨੇ ਦੋ ਮਯਾਰ ਅਪਣਾਏ ਹਨ। ਪ੍ਰੈਸ, ਰੇਡੀਓ ਅਤੇ ਅਖਬਾਰਾਂ ਦੀ ਦੁਰਵਰਤੋਂ ਕਰਕੇ ਇਕ ਧਰਮ ਦੇ ਲੋਕਾਂ ਵਿਰੁਧ ਲਗਾਤਾਰ ਨਫਰਤ ਦੀ ਮੁਹਿੰਮ ਚਲਾਈ ਗਈ ਹੈ। ਕੁਝ ਹਿੰਦੂ ਵਿਅਕਤੀਆਂ ਦੀਆਂ ਜਦੋਂ ਦੇਸ਼ ਧਰੋਹੀ ਕਾਰਵਾਈਆਂ ਰਿਪੋਰਟ ਕੀਤੀਆਂ ਜਾਂਦੀਆਂ ਹਨ ਤਾਂ ਉਹ ਸਿਰਫ ਵਿਅਕਤੀ ਹੁੰਦੇ ਹਨ ਪਰ ਜਦੋਂ ਕਿਸੇ ਸਿੱਖ ਵਿਅਕਤੀ ਵਲੋਂ ਕੀਤੀ ਕੋਈ ਕਾਰਵਾਈ ਰੀਪੋਰਟ ਕੀਤੀ ਜਾਂਦੀ ਹੈ ਤਾਂ ਉਹ ਇਕ ਵਿਅਕਤੀ ਦੇ ਤੌਰ 'ਤੇ ਨਹੀਂ ਸਗੋਂ ਇਕ ਕਮਿਊਨਿਟੀ ਦਾ ਵਿਸ਼ਲੇਸ਼ਣ ਵਰਤ ਕੇ ਰੀਪੋਰਟ ਕੀਤੀ ਜਾਂਦੀ ਹੈ। ਪੁਲਸ ਦੇ ਹਿਰਾਸਤ ਵਿਚ ਹੋਏ ਸਿੱਖ ਕਤਲਾਂ ਬਾਰੇ ਕਚਹਿਰੀਆਂ ਨਰਮ ਦ੍ਰਿਸ਼ਟੀਕੋਣ ਅਪਣਾਂਦੀਆਂ ਹਨ ਕਿਉਂਕਿ ਉਹ ਤਫਤੀਸ਼ ਕੀਤੇ ਬਗੈਰ ਮੁਜ਼ਰਿਮ ਕਰਾਰ ਦਿੱਤੇ ਗਏ ਹੁੰਦੇ ਹਨ। ਨਵੰਬਰ ਵਿਚ ਹੋਏ ਸਿੱਖਾਂ ਦੇ ਕਤਲੋਗਾਰਤ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ ਕਿਉਂਕਿ ਮੁਜਰਿਮ ਕਾਂਗਰਸ ਜਮਾਤ ਨਾਲ ਸੰਬੰਧ ਰਖਦੇ ਸਨ। ਸਰਕਾਰ ਦੀਆਂ ਗਲਤ ਪਾਲਸੀਆਂ ਕਰਕੇ ਸਿੱਖ ਆਪਣੇ ਆਪ ਨੂੰ ਦੇਸ਼ ਦੀ ਮੁੱਖ ਧਾਰਾ ਤੋਂ ਅਲੱਗ-ਥਲੱਗ ਸਮਝਣ ਲੱਗ ਪਏ ਹਨ। ਜਮਹੂਰੀ ਸ਼ਕਤੀਆਂ ਦਾ ਫਰਜ਼ ਹੈ ਕਿ ਇਸ ਰੁਝਾਣ ਉਤੇ ਠੱਲ ਪਾਉਣ। ਲੇਖਕ ਨੇ ਇਹ ਵਿਚਾਰ ਦ੍ਰਿੜ੍ਹਤਾ ਨਾਲ ਪੇਸ਼ ਕੀਤੇ ਹਨ।

**ਗਿੱਲ ਭਰਾਵਾਂ ਦੀ ਚਿੱਠੀ ਬਾਰੇ ਹੋਰ ਪ੍ਰਤੀਕਰਮ** : ਮਹਿੰਦਰ ਸਾਥੀ, ਕਰਨਜੀਤ ਸਿੰਘ, ਇੰਦਰਜੀਤ (ਹੁਸ਼ਿਆਰਪੁਰ)

- ਬਾਬਿਆਂ ਦੇ ਚਕਮੇ ਦੇ ਵਿਰੁਧ, ਇਕ ਰੀਪੋਰਟ।

ਸੰਪਾਦਕੀ

# ਸੁਲਾਹ ਹੋਣ ਤੋਂ ਬਾਅਦ

ਹਾਂ, ਸੁਲਾਹ ਹੋ ਗਈ ਹੈ। ਏਸਦਾ ਏਲਾਨ ਪਾਰਲੀਮੈਂਟ ਦੇ ਦੋਨੋਂ ਹਾਊਸਾਂ ਵਿਚ ਹੋ ਗਿਆ ਹੈ। ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਹੱਥ ਮਿਲਾ ਲਏ ਹਨ। ਇਹ ਚੰਗੀ ਗੱਲ ਹੈ। ਇਹ ਸੁਲਾਹ ਨਵੰਬਰ 1982 ਵਿਚ ਵੀ ਹੋ ਸਕਦੀ ਸੀ ਜਦੋਂ ਤਕਰੀਬਨ ਇਹੋ ਹੀ ਸਾਰੀਆਂ ਮੰਗਾਂ, ਜਿਹੜੀਆਂ ਹੁਣ ਮੰਨੀਆਂ ਗਈਆਂ ਹਨ ਤੇ ਫੇਰ ਉਹਨਾਂ ਤੋਂ ਮੁਕਰਿਆ ਗਿਆ ਸੀ। ਪੰਜਾਬ ਦੇ ਲੋਕਾਂ ਨੂੰ ਇਹਦੀ ਬੜੀ ਮਹਿੰਗੀ ਕੀਮਤ ਦੇਣੀ ਪਈ ਹੈ। ਸ਼ਾਇਦ ਹਾਲੇ ਹੋਰ ਵੀ ਕੀਮਤ ਦੇਣੀ ਪਏ, ਕਿਉਂਕਿ ਨਫ਼ਰਤ ਅਤੇ ਕਤਲੋਗਾਰਤ ਦਾ ਵਾਤਾਵਰਨ ਜਿਹੜਾ ਪੰਜਾਬ ਵਿਚ ਏਨੇ ਸਾਲ ਛਾਇਆ ਰਿਹਾ ਹੈ, ਇਹਦਾ ਅਸਰ ਹੌਲੇ ਹੌਲੇ ਹੀ ਮਰੇਗਾ। ਪਰ ਫੇਰ ਵੀ ਬੁਨਿਆਦੀ ਸਿਆਸਤ ਹੁਣ ਨਿਖਰਕੇ ਆ ਸਕੇਗੀ। ਹੁਣ ਲੋਕ ਉਹ ਗੱਲਾਂ ਸੁਣਨ ਦੇ ਰੌਂ ਵਿਚ ਹੋਣਗੇ ਜੋ ਜਨੂੰਨ ਦੇ ਅਸਰ ਥਲੇ ਉਹ ਅਗੇ ਨਹੀਂ ਸੁਣਦੇ ਸਨ। ਚੰਡੀਗੜ੍ਹ ਪੰਜਾਬ ਨੂੰ ਮਿਲ ਗਿਆ ਹੈ, ਪਾਣੀ ਦੀ ਵੰਡ, ਬਿਜਲੀ ਦੀ ਵੰਡ, ਸੂਬਿਆਂ ਨੂੰ ਵੱਧ ਅਧਿਕਾਰ ਆਦਿਕ ਦੇ ਮਸਲੇ ਕਮਿਸ਼ਨਾਂ ਨੂੰ ਦੇ ਦਿੱਤੇ ਗਏ ਹਨ, ਪਰ ਸਵਾਲ ਉਠਦਾ ਹੈ ਕੀ ਇਸਦੇ ਬਾਵਜੂਦ ਸਾਧਾਰਨ ਲੋਕ ਜੋ ਤੰਗੀਆਂ ਦੀ ਜ਼ਿੰਦਗੀ ਗੁਜ਼ਾਰ ਰਹੇ ਹਨ, ਉਸਦੇ ਵਿਚ ਕੋਈ ਰੱਤੀ ਭਰ ਵੀ ਫਰਕ ਪਿਆ ਹੈ ? ਸਪੱਸ਼ਟ ਜਵਾਬ ਹੈ, ਨਹੀਂ।

**o ਨੌਜਵਾਨਾਂ ਲਈ ਭਵਿਖ ਉਸੇ ਤਰ੍ਹਾਂ ਹਨੇਰੇ ਵਿਚ ਹੈ।**

**o ਪੈਸੇ ਦੀ ਪ੍ਰਧਾਨਗੀ ਸਮਾਜ ਵਿਚ ਉਸੇ ਤਰਾਂ ਹੈ। ਪੈਸੇ ਨਾਲ ਕਚੈਹਰੀਆਂ ਦਾ ਇਨਸਾਫ, ਅਫਸਰਾਂ ਦਾ ਇਮਾਨ, ਨੌਕਰੀਆਂ ਦੀ ਨਿਯੁਕਤੀ ਆਦਿਕ ਖਰੀਦੇ ਜਾ ਸਕਦੇ ਹਨ।**

**o ਰੇਲ ਗੱਡੀਆਂ, ਬੱਸਾਂ, ਹਸਪਤਾਲਾਂ, ਸਰਕਾਰੀ ਦਫ਼ਤਰਾਂ ਵਿਚ ਸਾਧਾਰਨ ਲੋਕਾਂ ਲਈ ਉਸੇ ਤਰਾਂ ਧੱਕੇ ਹੀ ਧੱਕੇ ਹਨ।**

**o ਪੁਲਸ ਥਾਣਿਆਂ ਵਿਚ ਉਸੇ ਤਰਾਂ ਹਨੇਰ-ਗਰਦੀ ਹੈ। ਬੰਦੇ ਮਾਰੇ ਜਾ ਸਕਦੇ ਹਨ, ਬੰਦੇ ਹਵਾਲਾਤਾਂ ਵਿਚੋਂ ਗੁੰਮ ਕੀਤੇ ਜਾ ਸਕਦੇ ਹਨ।**

**o ਚੋਣਾਂ ਦੀ ਖੇਡ ਉਸੇ ਤਰਾਂ ਪੈਸੇ ਨਾਲ ਖੇਡੀ ਜਾਵੇਗੀ।**

o ਕਿਸਾਨਾਂ ਦੀ ਜਿਨਸ ਉਸੇ ਤਰ੍ਹਾਂ ਮੰਡੀਆਂ ਵਿਚ ਰੁਲੇਗੀ।

ਸੋ ਸਾਫ਼ ਹੈ ਕਿ ਇਹ ਲੜਾਈ ਲੋਕਾਂ ਦੀ ਨਹੀਂ ਸੀ। ਇਹ ਖੇਡ ਵੱਡੇ ਬੰਦਿਆਂ ਦੀ ਸੀ। ਇਹਦੀ ਸਾਰੀ ਕੀਮਤ ਲੋਕਾਂ ਨੂੰ ਚੁਕਾਣੀ ਪਈ ਹੈ। ਇਹੋ ਕੀਮਤ ਜੇਕਰ ਸਹੀ ਲੋਕ ਮੰਗਾਂ ਦੀ ਲੜਾਈ ਵਿਚ ਦਿੱਤੀ ਜਾਂਦੀ ਤਾਂ ਜ਼ਿੰਦਗੀ ਚੰਗੇ ਭਵਿਖ ਵਲ ਵਧ ਸਕਦੀ ਸੀ। ਲੋਕਾਂ ਦੀ ਲੜਾਈ 'ਚ ਲੋਕ-ਏਕਤਾ ਪ੍ਰਮੁਖ ਸ਼ਰਤ ਹੈ। ਜੋ ਤੱਤ ਹਾਕਮ ਲੋਕਾਂ ਨੇ ਸਾਧਾਰਨ ਲੋਕਾਂ 'ਚ ਆਪਸੀ ਫਰਕ ਪਾਉਣ ਵਿਚ ਵਰਤੇ ਹਨ, ਉਹ ਹਨ **ਧਰਮ, ਜ਼ਾਤ ਤੇ ਇਲਾਕਾ**। ਜਿਸ ਧਰਮ, ਜ਼ਾਤ ਜਾਂ ਇਲਾਕੇ ਵਿਚ ਜਨਮੇ ਹਾਂ, ਸਾਨੂੰ ਇਸ ਬਾਰੇ ਕੋਈ ਸ਼ਰਮ ਨਹੀਂ, ਪਰ ਵੱਡੀ ਗੱਲ ਹੈ ਕਿ ਇਕ ਮਨੁੱਖ ਹੋਣ ਵਿਚ ਸਾਨੂੰ ਮਾਨ ਹੋਣਾ ਚਾਹੀਦਾ ਹੈ। ਵੀਹਵੀਂ ਸਦੀ ਵਿਚ ਮਨੁੱਖ ਸਾਰੀ ਦੁਨੀਆਂ ਵਿਚ ਵਿਤਕਰਿਆਂ ਦੇ ਵਿਰੁਧ ਉੱਠ ਰਿਹਾ ਹੈ। ਮਨੁੱਖ ਨੂੰ ਯਕੀਨ ਹੈ ਕਿ ਉਹਨੇ ਆਪਣੀ ਸਾਇੰਸ ਨਾਲ ਏਨਾ ਕੁਝ ਪੈਦਾ ਕਰ ਲਿਆ ਹੈ ਕਿ ਧਰਤੀ ਦੇ ਹਰ ਮਨੁੱਖ ਨੂੰ ਵਧੀਆ ਜੀਣਾ ਦਿੱਤਾ ਜਾ ਸਕਦਾ ਹੈ। ਅੱਜ ਲੜਾਈ ਸਮਾਜਕ ਇਨਸਾਫ ਦੀ ਹੈ। ਚੰਗੀ ਰੋਟੀ ਹਿੰਦੂ ਨੂੰ ਵੀ ਚਾਹੀਦੀ ਹੈ ਤੇ ਸਿੱਖ ਨੂੰ ਵੀ ਚਾਹੀਦੀ ਹੈ। ਬਿਜਲੀ ਦੀ ਲੋੜ ਸਭ ਨੂੰ ਹੈ। ਪਾਣੀ ਪੰਜਾਬ ਦੇ ਕਿਸਾਨ ਨੂੰ ਵੀ ਚਾਹੀਦਾ ਹੈ ਅਤੇ ਹਰਿਆਨਾ ਤੇ ਰਾਜਸਥਾਨ ਦੇ ਕਿਸਾਨ ਨੂੰ ਵੀ ਚਾਹੀਦਾ ਹੈ। ਲੜਾਈ ਦਾ ਧੁਰਾ ਧਰਮ, ਜ਼ਾਤ ਅਤੇ ਇਲਾਕਾਈ ਵਿਤਕਰਾ ਨਹੀਂ ਸਗੋਂ ਮਨੁੱਖ ਦੇ ਹੱਥੋਂ ਮਨੁੱਖ ਦੀ ਲੁੱਟ ਖਸੁੱਟ ਦਾ ਹੈ। ਲੜਾਈ ਦਾ ਨਿਸ਼ਾਨਾ ਗਲਤ, ਗੰਦਾ ਅਤੇ ਭ੍ਰਿਸ਼ਟ ਨਿਜ਼ਾਮ ਹੈ; ਜਿਸਨੂੰ ਖਤਮ ਕੀਤੇ ਬਗ਼ੈਰ ਚੰਗੀ ਜ਼ਿੰਦਗੀ ਹਾਸਿਲ ਨਹੀਂ ਕੀਤੀ ਜਾ ਸਕਦੀ। ਫੁੱਟ ਪਾਊ ਤੱਤਾਂ ਤੋਂ ਛੁਟਕਾਰਾ ਪਾਕੇ **ਲੋਕ ਏਕਤਾ** ਕਾਇਮ ਕਰਦੇ ਹੋਏ ਜ਼ਿੰਦਗੀ ਦਾ ਸੰਘਰਸ਼ ਲੜਣਾ ਅੱਜ ਦੀ ਲੋੜ ਹੈ।

**ਗੁਰਸ਼ਰਨ ਸਿੰਘ**

# THE SIKH ALIENATED ਅਲੱਗ ਥਲੱਗ ਸਿੱਖ ○ ਮਧੂ ਕਿਸ਼ਵਰ

ਮਧੂ ਕਿਸ਼ਵਰ ਔਰਤਾਂ ਦੇ ਪ੍ਰਸਿੱਧ ਮੈਗਜ਼ੀਨ ਮਾਨੁਸ਼ੀ ਦੀ ਐਡੀਟਰ ਹੈ। ਇਹ ਉਹਨਾਂ ਵਿਅਕਤੀਆਂ ਵਿਚੋਂ ਇਕ ਹੈ, ਜਿਸ ਨੇ ਦਿੱਲੀ ਵਿਖੇ ਨਵੰਬਰ ਵਿਚ ਸਿੱਖ ਸਮੂਹ ਵਿਰੁਧ ਹੋਈ ਕਤਲੋ-ਗਾਰਤ ਵਿਰੁਧ ਸੁਪਰੀਮ ਕੋਰਟ ਵਿਚ ਮੁਕੱਦਮਾ ਦਾਇਰ ਕੀਤਾ ਸੀ ਅਤੇ ਕਾਂਗਰਸੀ ਹਾਕਮਾਂ ਨੂੰ ਇਹਦਾ ਜ਼ਿੰਮੇਵਾਰ ਠਹਿਰਾਇਆ ਸੀ। ਕਿਸੇ ਵੀ ਦਹਿਸ਼ਤਪਸੰਦ ਕਾਰਵਾਈ ਨੂੰ ਹਕਬਜਾਨਬ ਨਾ ਕਹਿੰਦੇ ਹੋਏ ਮਧੂ ਕਿਸ਼ਵਰ ਨੇ ਇਸ ਬਹੁਤ ਚਰਚਿਤ ਲੇਖ ਵਿਚ ਕੁਝ ਬੁਨਿਆਦੀ ਨੁਕਤੇ ਉਠਾਏ ਹਨ। ਭਾਰਤ ਦੀ ਜੁਮਹੂਰੀ ਲਹਿਰ ਸਾਰੇ ਭਾਰਤ ਵਿਚ ਕੇਂਦਰੀ ਹਕੂਮਤ ਦੀ ਤਾਨਾਸ਼ਾਹੀ ਵਿਰੁਧ ਇਕ ਲੋਕਰਾਏ ਜਥੇਬੰਦ ਕਰ ਰਹੀ ਹੈ, ਜੋ ਭਾਰਤ ਦੀ ਇਕ ਘੱਟ ਗਿਣਤੀ ਦੇ ਲੋਕਾਂ ਦੇ ਸਮੂਹ ਨੂੰ ਦੇਸ਼ ਦੀ ਮੁੱਖ ਧਾਰਾ ਤੋਂ ਅਲੱਗ ਥਲੱਗ ਕਰਨ ਦਾ ਜ਼ਿੰਮੇਵਾਰ ਬਣਾ ਰਹੀ ਹੈ। ਇਹ ਲੇਖ ਉਸੇ ਦਿਸ਼ਾ ਵੱਲ ਇਕ ਕਦਮ ਹੈ। —ਸੰਪਾਦਕ

ਇਹ ਗੱਲ ਜਾਣੀ ਮੰਨੀ ਹੈ ਕਿ ਕੇਵਲ ਜਾਬਰ ਅਤੇ ਜ਼ਾਲਮ ਸਰਕਾਰਾਂ ਹੀ ਜੁਰਮ ਦਾ ਇਕਬਾਲ ਕਰਵਾਉਣ ਲਈ ਤਸ਼ੱਦਦ ਦੀ ਵਰਤੋਂ ਕਰਦੀਆਂ ਹਨ। ਆਧੁਨਿਕ ਇਤਿਹਾਸਕਾਰ ਹੱਡਕੁਟ ਤਫਤੀਸ਼ ਅਤੇ ਰੋਮਨ ਹਕੂਮਤ ਦੇ ਕਥਨ ਕਿ ਗੁਲਾਮਾਂ ਕੋਲੋਂ ਸੱਚ ਕੇਵਲ ਤਸ਼ੱਦਦ ਕਰਕੇ ਹੀ ਉਗਲਵਾਇਆ ਜਾ ਸਕਦਾ, ਬਾਰੇ ਹਕਾਰਤ ਨਾਲ ਲਿਖਦਿਆਂ ਇਸ ਨੂੰ ਜਾਂਗਲੀ ਅਤੇ ਆਦਿਕਾਲੀਨ ਵਰ-ਤਾਰਾ ਦਸਦੇ ਹਨ। ਅਸੀਂ ਕਾਨੂੰਨ ਦੇ ਰਾਜ ਅਤੇ ਸਾਡੇ ਪ੍ਰਬੁਧ ਰਾਜਤੰਤਰ ਦੀ ਕਾਨੂੰਨ ਦੀ ਯੋਗ ਪ੍ਰਕ੍ਰਿਆ ਉਪਰ ਨਾਜ਼ ਕਰਦੇ ਹਾਂ ਜਿਸਦਾ ਬੁਨਿਆਦੀ ਸਿਧਾਂਤ ਇਹ ਹੈ ਕਿ ਜਦੋਂ ਤੀਕ ਸਾਬਤ ਨਹੀਂ ਹੋ ਜਾਂਦਾ ਵਿਅਕਤੀ ਨੂੰ ਨਿਰ-ਦੋਸ਼ ਮੰਨਿਆ ਜਾਵੇ।

ਫਿਰ ਕੀ ਕਾਰਨ ਹੈ ਕਿ ਜਦੋਂ ਕੋਈ ਸ਼ੱਕੀ ਅਤਿਵਾਦੀ ਨਿਆਂਪਾਲਕਾ ਦੀ ਪ੍ਰਵਾਨਗੀ ਨਾਲ ਪੁਲੀਸ ਹਿਰਾਸਤ ਵਿਚ ਤਸ਼ੱਦਦ ਰਾਹੀਂ ਕੋਹ ਕੋਹ ਕੇ ਮਾਰ ਦਿੱਤਾ ਜਾਂਦਾ ਹੈ ਤਾਂ ਕਿਸੇ ਦੀਆਂ ਅੱਖਾਂ ਨਹੀਂ ਉਘੜਦੀਆਂ। 14 ਮਈ 1985 ਦੇ ਅਖਬਾਰਾਂ ਨੇ ਖਬਰ ਛਾਪੀ ਕਿ ਵੈਸਟ ਪਟੇਲ ਨਗਰ ਵਿਚ ਇਕ ਵਕੀਲ ਦੇ ਘਰੋਂ ਫੜੇ ਤਿੰਨ ਸ਼ੱਕੀ ਅਤਿਵਾਦੀਆਂ 'ਚੋਂ ਇਕ ਦੀ ਅਦਾਲਤ ਵਿਚ ਪੇਸ਼ ਕੀਤੇ ਜਾਣ ਤੋਂ ਪਹਿਲਾਂ ਹੀ ਪੁਲੀਸ ਹਿਰਾਸਤ 'ਚ ਮੌਤ ਹੋ ਗਈ। ਲੋਹੀਆ ਹਸਪਤਾਲ ਦੀ ਰਿਪੋਰਟ ਵਿਚ ਉਸ ਦੇ ਸਾਰੇ ਸਰੀਰ ਉਪਰ ਗੰਭੀਰ ਜ਼ਖ਼ਮਾਂ ਦਾ ਜ਼ਿਕਰ ਹੈ ਅਤੇ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਉਸ ਦੀ ਮੌਤ ਨਿਸ-ਚਿਤ ਤੌਰ 'ਤੇ ਤਸ਼ਦਦ ਕਾਰਣ ਹੋਈ ਹੈ।" ਉਸ ਨੂੰ ਅਦਾਲਤ ਵਿਚ ਪੇਸ਼ ਨਾ ਕੀਤੇ ਜਾਣ ਬਾਰੇ ਪੁਲੀਸ ਦਾ ਸਪਸ਼ਟੀਕਰਣ ਸੀ ਕਿ ਉਹ ਰੋਟੀ-ਪਾਣੀ ਨਹੀਂ ਲੈ ਰਿਹਾ। ਇਕ ਹੋਰ ਬਿਆਨ ਇਹ ਸੀ ਕਿ ਉਸ ਨੇ 'ਮੁਕਾਬਲਾ' ਕੀਤਾ ਸੀ—ਭਾਵੇਂ ਕਿ ਉਸੇ ਦਿਨ ਪਹਿਲਾਂ ਉਸਨੂੰ ਹਸਪਤਾਲ ਲਿਆਂਦਾ ਗਿਆ ਸੀ ਜਿਥੇ ਉਸਨੂੰ ਝੜਪ ਦੌਰਾਨ ਲਗੇ ਮਾਮੂਲੀ ਜ਼ਖ਼ਮਾਂ ਦਾ ਇਲਾਜ ਕੀਤਾ ਗਿਆ ਸੀ। ਉਦੋਂ ਉਹ ਹਸਪਤਾਲ ਚਲਕੇ ਆਇਆ ਅਤੇ ਚਲ ਕੇ ਗਿਆ ਪਰੰਤੂ ਸਵਾ ਚਾਰ ਵਜੇ ਸ਼ਾਮੀਂ ਉਸ ਨੂੰ ਉਥੇ ਮਰੇ ਹੋਏ ਨੂੰ ਲਿਆਂਦਾ ਗਿਆ। ਉਸ ਸਮੇਂ ਕਿਹੜਾ ਪੁਲੀਸ 'ਮੁਕਾਬਲਾ' ਹੋਇਆ ਹੋ ਸਕਦਾ ਹੈ; ਜਦੋਂ ਉਹ ਹਿਰਾਸਤ ਵਿਚ ਸੀ ?

ਦੂਜੇ ਦੋ ਸ਼ੱਕੀ ਅਤਿਵਾਦੀਆਂ ਨੂੰ ਬਹੁਤ ਨਾਜ਼ਕ ਹਾਲਤ ਵਿਚ ਅਦਾਲਤ ਵਿਚ ਲਿਆਂਦਾ ਗਿਆ। ਬਿਨਾਂ ਸਹਾਰੇ ਉਹ ਖੜੇ ਵੀ ਨਹੀਂ ਸਨ ਹੋ ਸਕਦੇ। ਉਨ੍ਹਾਂ 'ਚੋਂ ਇਕ, ਜੋ ਵਡੇਰੀ ਉਮਰ ਦਾ ਸੀ, ਨੂੰ ਤਾਂ ਚੁੱਕ ਕੇ ਹੀ ਲਿਆਉਣਾਂ ਪਿਆ। ਜਦੋਂ ਵੀ ਪੁਲੀਸ ਵਾਲੇ ਉਸ ਨੂੰ ਦਿੱਤਾ ਸਹਾਰਾ ਛੱਡਦੇ, ਉਹ ਢਹਿ ਪੈਂਦਾ।

ਭਾਵੇਂ ਕਿ ਤਸ਼ੱਦਦ ਦਾ ਹੱਥ—ਜੋ ਕਿ ਮੁਕੰਮਲ ਤੌਰ ਤੇ ਗ਼ੈਰਕਨੂੰਨੀ ਹੈ ਅਤੇ ਨਾ ਪੁਲੀਸ ਦੀ ਡਿਉਟੀ ਤੇ ਨਾ ਹੀ ਉਸ ਦੇ ਕੁਟ ਮਾਰ ਕਰਨ ਦੇ ਅਧਿਕਾਰ ਦਾ ਹਿੱਸਾ ਹੈ—ਹਰ ਕਿਸੇ ਲਈ ਪ੍ਰਤੱਖ ਸੀ, ਫਿਰ ਵੀ ਜੱਜ ਨੇ ਇਹ ਆਖ ਕੇ ਕਿ ਕਿਉਂਕਿ ਉਨ੍ਹਾਂ ਜੋ ਆਪਣੀ ਵਾਰ-ਦਾਤ ਰਾਹੀਂ ਦੇਸ਼ ਦੀ ਫਿਰਕੂ ਏਕਤਾ ਨੂੰ ਖਤਰਾ ਪੈਦਾ ਕੀਤਾ ਹੈ, ਇਸ ਲਈ ਨਰਮੀ ਦੇ ਹੱਕਦਾਰ ਨਹੀਂ, ਉਨ੍ਹਾਂ ਦਾ 14 ਦਿਨਾਂ ਦਾ ਪੁਲੀਸ ਰੀਮਾਂਡ ਦੇਣਾ ਹੱਕ ਬਜਾਨਬ ਸਮਝਿਆ। ਇਸ ਤੱਥ ਦੇ ਮਦੇਨਜ਼ਰ ਕਿ ਉਨ੍ਹਾਂ ਵਿਚੋਂ ਇਕ ਪੁਲੀਸ ਹਿਰਾਸਤ ਦੇ ਕੁਝ ਘੰਟਿਆਂ ਅੰਦਰ ਤਸ਼ਦਦ ਕਾਰਣ ਦਮ ਤੋੜ ਗਿਆ ਸੀ। ਇਹ ਹੁਕਮ ਕੋਈ ਟਿੱਪਣੀ ਕੀਤੇ ਜਾਣ ਜਾਂ ਮੌਤ ਦੀਆਂ ਪ੍ਰਸਥਿਤੀਆਂ ਬਾਰੇ ਪੜਤਾਲ ਨੂੰ ਹੱਕ ਬਜਾਨਬ ਬਿਨਾਂ ਤਸ਼ਦਦ ਨੂੰ ਮੌਤ ਦੀ ਹੱਦ ਤੀਕ ਦਰ-ਗੁਜ਼ਰ ਕਰਨ ਤੁੱਲ ਹੈ।

ਇਕ ਅਹਿਮ ਨੁਕਤਾ ਜਿਸਨੂੰ ਫਾਜ਼ਲ ਜੱਜ ਨੇ ਅੱਖੋਂ ਪਰੋਖੇ ਕਰ ਦਿੱਤਾ, ਇਹ ਹੈ ਕਿ ਜੇ ਇਨ੍ਹਾਂ ਬੰਦਿਆਂ ਨੂੰ ਪੁਲੀਸ ਗ਼ੈਰਕਾਨੂੰਨੀ ਤਰੀਕੇ ਨਾਲ ਮਾਰ ਦਿੰਦੀ ਹੈ ਤਾਂ ਬੇਸ਼ਕੀਮਤੀ ਸਬੂਤ ਨਸ਼ਟ ਹੋ ਜਾਵੇਗਾ ਅਤੇ ਸੱਚ ਦਾ ਨਿਤਾਰਾ ਕਰਨ ਦਾ ਕੋਈ ਰਾਹ ਨਹੀਂ ਰਹੇਗਾ। ਇਸ ਤੋਂ ਇਲਾਵਾ ਜੱਜ ਦੀ ਟਿਪਣੀ ਕਾਨੂੰਨੀ ਪ੍ਰਕ੍ਰਿਆ ਪੂਰੀ

ਹੋਣ ਤੋਂ ਪਹਿਲਾਂ ਹੀ ਮੁਜਰਮ ਠਹਿਰਾਏ ਜਾਣ ਸਮਾਨ ਹੈ। ਜੇ ਪੁਲੀਸ ਦੀ ਕੁਟਮਾਰ ਹੀ ਸੱਚ ਜਾਨਣ ਦਾ ਸਾਡੇ ਪਾਸ ਇਕੋ ਇਕ ਤਰੀਕਾ ਹੈ ਤਾਂ ਫਿਰ ਜੁਰਮ ਤਫਤੀਸ਼ ਅਤੇ ਸੂਹ ਦੇ ਏਡੇ ਪ੍ਰਬੰਧ ਦੀ ਕੀ ਲੋੜ ਹੈ ?

ਜਾਂ ਫਿਰ ਇਸ ਮਕਸਦ ਲਈ ਲੋਕਾਂ ਤੇ ਮੁਕੱਦਮੇ ਚਲਾਉਣ ਦੀ ਵੀ ਕੀ ਲੋੜ ਹੈ ? ਵਿਹਾਰਕ ਪੱਧਰ 'ਤੇ ਅਸੀਂ ਇਸ ਬੇਬੁਨਿਆਦ ਤਸਵਰ ਕਿ ਤਸ਼ਦਦ ਰਾਹੀਂ ਸੱਚ ਉਗਲਵਾਇਆ ਜਾ ਸਕਦਾ ਹੈ, ਧਰਮ ਅਦਾਲਤ ਦੇ ਤੌਰ ਤਰੀਕਿਆਂ 'ਤੇ ਉਤਰ ਆਏ ਹਾਂ। ਦਰਅਸਲ ਤਸ਼ੱਦਦ ਰਾਹੀਂ ਤਾਂ ਵਧੇਰੇ ਕਰਕੇ ਤਸ਼ੱਦਦ ਕਰਨ ਵਾਲੇ ਵਲੋਂ ਪਹਿਲਾਂ ਘੜੇ ਬਿਆਨ ਦੀ ਪੁਸ਼ਟੀ ਕੀਤੇ ਜਾਣ ਦੀ ਸੰਭਾਵਨਾ ਰਹਿੰਦੀ ਹੈ। ਜੇ ਪਿਛੋਂ ਤਸ਼ਦਦ ਦਾ ਸ਼ਿਕਾਰ ਵਿਅਕਤੀ ਮਰ ਜਾਂਦਾ ਹੈ ਤਾਂ ਸਾਨੂੰ ਪੁਲੀਸ ਦੇ ਉਸ ਬਿਆਨ ਤੇ ਭਰੋਸਾ ਕਰਨ ਲਈ ਮਜਬੂਰ ਹੋਣਾ ਪਵੇਗਾ, ਜਿਹੜਾ ਵੀ ਉਹ ਦੇਣਾ ਚਾਹੇ, ਅਤੇ ਕਿਸੇ ਵੀ ਤਰ੍ਹਾਂ ਪੁਲੀਸ ਆਪਣੀ ਸਦਾਕਤ (ਸਤਿ-ਨਿਸ਼ਠਾ) ਲਈ ਨੇਕਨਾਮੀ ਨਹੀਂ ਖੱਟੀ ਬੈਠੀ।

ਇੰਜ ਪੁਲੀਸ ਦੀ ਜਾਬਰਾਂ ਅਤੇ ਜੱਲਾਦਾਂ ਦੇ ਟੋਲਿਆਂ ਵਾਲੀ ਕਾਰਗੁਜ਼ਾਰੀ ਜੋ ਕਾਨੂੰਨੀ ਪ੍ਰਕ੍ਰਿਆ ਨੂੰ ਮੁਕੰਮਲ ਤੌਰ ਤੇ ਉਲੰਘ ਸਕਦੀ ਹੈ, ਨਾ ਕੇਵਲ ਪੀੜਿਤ ਵਿਅਕਤੀ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ ਸਗੋਂ ਦੂਜੇ ਆਮ ਸ਼ਹਿਰੀਆਂ ਦੇ ਸੱਚ ਜਾਨਣ ਦੇ ਹੱਕ ਦੀ ਵੀ ਉਲੰਘਣਾ ਹੈ।

ਇਨ੍ਹਾਂ ਗ੍ਰਿਫਤਾਰੀਆਂ ਤੋਂ ਵੀ ਪਹਿਲਾਂ ਪ੍ਰਸਾਰ ਮਾਧਿਆਮਾਂ ਨੇ ਬੰਬ ਧਮਾਕਿਆਂ ਨੂੰ ਸਿੱਖ ਅਤਿਵਾਦੀਆਂ ਦੇ ਸਿਰ ਮੜ੍ਹ ਦਿੱਤਾ ਸੀ। ਕਿਸ ਆਧਾਰ ਉਪਰ ਅਸੀਂ ਇਹ ਨਿਸ਼ਚੇ ਨਾਲ ਕਹਿ ਸਕਦੇ ਹਾਂ ਕਿ ਪ੍ਰਸਾਰ ਮਾਧਿਅਮ ਸਿੱਖਾਂ ਵਿਰੁਧ ਨਫਰਤ ਫੈਲਾਉਣ ਵਾਲੇ ਕੁਝ ਫਿਰਕੂ ਜਨੂੰਨੀਆਂ ਦੇ ਹੱਥ ਠੋਕੇ ਨਹੀਂ ਹਨ। ਇਹ ਮਹੱਤਵਪੂਰਣ ਗੱਲ ਹੈ ਕਿ ਅਜੇ ਤੀਕ ਕਿਸੇ ਵੀ ਸਿੱਖ ਗਰੁਪ ਨੇ ਇਨ੍ਹਾਂ ਬੰਬ ਧਮਾਕਿਆਂ ਦੀ ਜ਼ਿੰਮੇਵਾਰੀ ਆਪਣੇ ਸਿਰ ਨਹੀਂ ਲਈ। ਫਿਰ ਦਹਿਸ਼ਤਵਾਦ ਤਾਂ ਖੁਦ ਇਕ ਸਿਆਸੀ ਵਾਦ ਹੈ ਨਾ ਕਿ ਧਾਰਮਕ। ਇਨ੍ਹਾਂ ਦਹਿਸ਼ਤਪਸੰਦਾਂ ਨੂੰ ਸਿਖ ਕਿਉਂ ਕਿਹਾ ਜਾਵੇ, ਜਦੋਂ ਅਸੀਂ ਕੂਮਰ ਨਰਾਇਣ 'ਅਤੇ ਉਸ ਦੇ ਸਾਥੀਆਂ ਜਿਹੇ ਜਸੂਸਾਂ ਨੂੰ ਹਿੰਦੂ ਨਹੀਂ ਆਖਦੇ।

ਸਰਕਾਰ ਕੌਮੀ 'ਏਕਤਾ ਅਤੇ ਅਖੰਡਤਾ' ਜਿਹੇ ਨਾਅਰਿਆਂ ਦਾ ਇਕੋ ਸਾਹ ਰੱਟਾ ਲਾਉਂਦਿਆਂ ਇਕ ਸਮੁਚੇ ਭਾਈਚਾਰੇ ਨੂੰ ਕੁਰਬਾਨੀ ਦਾ ਬਕਰਾ ਬਣਾ ਰਹੀ ਹੈ। ਅੱਜ ਸਾਰੇ ਸਿੱਖ ਭਾਈਚਾਰੇ ਨੂੰ ਕਿਸੇ ਇਕ ਸਿੱਖ ਜਾਂ ਸਿੱਖਾਂ ਦੇ ਇਕ ਗਰੁਪ ਈਆਂ ਕਾਰਵਾਈਆਂ ਲਈ ਜਵਾਬਦੇਹ ਠਹਿਰਾਇਆ ਜਾ ਰਿਹਾ ਹੈ। ਜਦੋਂ ਵੀ ਜਗਜੀਤ ਸਿੰਘ ਚੌਹਾਨ ਜਾਂ ਜਗਦੇਵ ਸਿੰਘ ਤਲਵੰਡੀ ਕੋਈ ਗ਼ੈਰਜਿੰਮੇਵਾਰਾਨਾ ਗੱਲ ਕਰਦੇ ਹਨ ਤਾਂ ਸਮੁਚੇ ਸਿੱਖ ਭਾਈਚਾਰੇ ਨੂੰ ਮੁਜਰਮ ਗਰਦਾਨ ਦਿੱਤਾ ਜਾਂਦਾ ਹੈ। ਸਥਿਤੀ ਇਸ ਹਦ ਤੀਕ ਵਿਗੜ ਗਈ ਹੈ ਕਿ ਹਰ ਦਾੜ੍ਹੀ ਕੇਸ ਵਾਲੇ ਵਿਅਕਤੀ ਨੂੰ ਸ਼ੱਕ ਦੀਆਂ ਨਿਗਾਹਾਂ ਨਾਲ ਵੇਖਿਆ ਜਾ ਰਿਹਾ ਹੈ ਅਤੇ ਸਰਕਾਰ ਦੇ ਕਰਿੰਦਿਆਂ ਵਲੋਂ ਸਿੱਖਾਂ ਉਪਰ ਕੀਤੀ ਹਰ ਜ਼ਿਆਦਤੀ ਨੂੰ ਜਾਇਜ਼ ਠਹਿਰਾਇਆ ਜਾ ਰਿਹਾ ਹੈ।

ਇਥੋਂ ਤੀਕ ਕਿ ਵਧੇਰੇ ਸੈਕੂਲਰ ਦ੍ਰਿਸ਼ਟੀ ਵਾਲੇ ਹਿੰਦੂ ਵੀ ਸਿੱਖਾਂ ਪਾਸੋਂ ਭਿੰਡਰਾਂਵਾਲੇ ਦੇ ਚੇਲਿਆਂ ਵਲੋਂ ਕੀਤੀਆਂ ਕਾਰਵਾਈਆਂ ਨਾਲੋਂ ਨਾਤਾ ਤੋੜਨ ਸਬੰਧੀ ਜਨਤਕ ਬਿਆਨਾਂ ਦੀ ਤਵਕੋ ਰਖਦੇ ਹਨ। ਹਾਲਾਂ ਕਿ ਇਨ੍ਹਾਂ ਵਿਚੋਂ ਕੋਈ ਵੀ ਦੂਜੇ ਹਿੰਦੂਆਂ ਦੀਆਂ ਕੌਮ ਵਿਰੋਧੀ ਅਤੇ ਮੁਜਰਮਾਨਾ ਕਾਰਵਾਈਆਂ ਦੀ ਨਿਖੇਧੀ ਕਰਨ ਦਾ ਆਪਣੇ ਆਪ ਨੂੰ ਪਾਬੰਦੀ ਨਹੀਂ ਸਮਝਦਾ। ਜਦੋਂ ਕੂਮਰ ਨਰਾਇਣ ਅਤੇ ਉਸ ਦੇ ਸਾਥੀ ਕਾਬੂ ਕੀਤੇ ਗਏ ਸਨ ਤਾਂ ਕਿਸੇ ਦੇ ਮਨ ਵਿਚ ਲੇਸ ਮਾਤਰ ਵੀ ਇਹ ਸੋਚ ਨਹੀਂ ਸੀ ਆਈ ਕਿ ਇਹ ਹਿੰਦੂਆਂ ਦਾ ਆਮ ਕੌਮ ਵਿਰੋਧੀ ਕਿਰਦਾਰ ਹੈ। ਇਸ ਲਈ ਦੂਜੇ ਹਿੰਦੂਆਂ ਨੂੰ ਮੁਜਰਮਾਂ ਨਾਲੋਂ ਨਾਤਾ ਤੋੜ ਲੈਣ ਸਬੰਧੀ ਜਨਤਕ ਬਿਆਨ ਦੇਣੇ ਚਾਹੀਦੇ ਹਨ ਜਾਂ ਮੰਦਰਾਂ ਦੇ ਪੁਜਾਰੀਆਂ ਨੂੰ ਅਜਿਹੇ ਆਦੇਸ਼ ਜਾਰੀ ਕਰਨੇ ਚਾਹੀਦੇ ਹਨ ਕਿ ਹਿੰਦੂ ਜਾਸੂਸੀ ਦੇ ਹੱਕ ਵਿਚ ਨਹੀਂ ਹਨ।

ਸਿੱਖਾਂ ਅਤੇ ਮੁਸਲਮਾਨਾਂ ਨੂੰ ਘਟ ਗਿਣਤੀ ਵਿਚ ਹੋਣ ਕਾਰਣ ਵਖਰੀਆਂ ਨਸਲਾਂ ਸਮਝਿਆ ਜਾਂਦਾ ਹੈ ਅਤੇ ਸਭਨਾਂ ਨੂੰ ਇਕੋ ਪਲੜੇ ਵਿਚ ਤੋਲਿਆ ਜਾਂਦਾ ਹੈ। ਪ੍ਰਸਾਰ ਮਾਧਿਅਮ ਦਾ ਇਹ ਆਮ ਰਵਈਆ ਬਣ ਗਿਆ ਹੈ ਅਤੇ ਇਹ ਤਥ ਸਾਬਤ ਕਰਦਾ ਹੈ ਕਿ ਪ੍ਰਸਾਰ ਮਾਧਿਅਮ ਦਾ ਦ੍ਰਿਸ਼ਟੀਕੋਣ ਅਸਲ ਵਿਚ ਬਹੁ-ਗਿਣਤੀ ਦਾ ਦ੍ਰਿਸ਼ਟੀਕੋਣ ਹੈ। ਇਸ ਗੱਲ ਦੇ ਕਈ ਸਬੂਤ ਹੋਣ ਦੇ ਬਾਵਜੂਦ ਕਿ ਮੁੱਢ ਵਿਚ ਭਿੰਡਰਾਂਵਾਲੇ ਨੂੰ ਹਕੂਮਤ ਨੇ ਹੀ ਉਭਾਰਿਆ, ਅਕਾਲੀਆਂ ਅਤੇ ਸਿੱਖਾਂ ਨੂੰ ਉਸ ਦੇ ਉਭਾਰ ਲਈ ਜ਼ਿੰਮੇਵਰ ਠਹਿਰਾਇਆ ਜਾ ਰਿਹਾ ਕਿ ਕਾਂਗਰਸ (ਇੰ) ਨੂੰ।

ਕੀ ਵਜਹ ਹੈ ਕਿ ਪੁਲੀਸ ਵਲੋਂ ਕੀਤਾ ਤਸ਼ੱਦਦ ਅਤੇ ਕਤਲ ਭਰਾ ਜਿੰਨਾ ਵੀ ਖੌਫ ਪੈਦਾ ਨਹੀਂ ਕਰਦਾ ਜਦੋਂ ਕਿ ਆਮ ਸ਼ਹਿਰੀਆਂ ਦੀ ਉਹੀ ਵਾਰਦਾਤ ਰੌਂਗਟੇ ਖੜੇ ਕਰਦੀ ਹੈ। ਇਸ ਦਾ ਕਾਰਣ ਇਹ ਹੈ ਕਿ ਅਸੀਂ ਨਿਹਿਤ ਰੂਪ ਵਿਚ ਪ੍ਰਵਾਨ ਕਰ ਲਿਆ ਹੈ ਕਿ ਹਾਕਮ

ਜਮਾਤ ਵਲੋਂ ਕੀਤੀ ਹਰ ਕਾਰਵਾਈ ਜਾਇਜ਼ ਹੈ ਜਦੋਂ ਕਿ ਆਮ ਸ਼ਹਿਰੀਆਂ ਜਾਂ ਸ਼ਹਿਰੀਆਂ ਦੇ ਕਿਸੇ ਗਰੁੱਪ ਵਲੋਂ ਕੀਤੀ ਉਹੀ ਕਾਰਵਾਈ ਨਾਜਾਇਜ਼ ਅਤੇ ਗੈਰ ਕਾਨੂੰਨੀ ਬਣ ਜਾਂਦੀ ਹੀ। ਇੰਜ ਹਥਿਆਰਬੰਦ ਫੌਜਾਂ ਦੀ ਵਰਤੋਂ ਕਤਲੋਗਾਰਤ ਅਤੇ ਤਸ਼ੱਦਦ ਲੋਕਾਂ ਨੂੰ ਸਰਕਾਰੀ ਹੁਕਮ ਮੰਨਣ 'ਤੇ ਮਜਬੂਰ ਕਰਨ ਲਈ ਉਚਿਤ ਸਰਕਾਰੀ ਤੌਰ ਤਰੀਕੇ ਮੰਨੇ ਜਾਂਦੇ ਹਨ, ਪਰੰਤੂ ਜਦੋਂ ਆਮ ਸ਼ਹਿਰੀ ਉਹੀ ਤੌਰ ਤਰੀਕੇ ਬਹੁਤ ਛੋਟੇ ਪੈਮਾਨੇ ਤੇ ਵਰਤਦੇ ਹਨ ਤਾਂ ਉਨ੍ਹਾਂ ਨੂੰ ਦਹਿਸ਼ਤ-ਪ੍ਰਸਤ ਅਤੇ ਕੌਮ ਵਿਰੋਧੀ ਆਖ ਕੇ ਨਿਖੇਧੀ ਕੀਤੀ ਜਾਂਦੀ ਹੈ। ਉਨ੍ਹਾਂ ਨੂੰ ਦਬਾਉਣ ਲਈ ਵਰਤਿਆ ਗਿਆ ਹਰ ਹਰਬਾ ਨਿਆਂ ਪੂਰਣ ਕਰਾਰ ਦ੍ਰਿਤਾ ਜਾਂਦਾ ਹੈ।

ਹੌਲੀ ਹੌਲੀ ਇਸ ਦੂਹਰੇ ਮਿਆਰ ਦੇ ਅਸੀਂ ਇੰਨੇ ਆਦੀ ਹੋ ਗਏ ਹਾਂ ਕਿ ਕਦੀ ਹੀ ਹੈਰਾਨੀ ਹੁੰਦੀ ਹੈ ਕਿ ਇਕ ਵਰਦੀਧਾਰੀ ਮਨੁੱਖ ਵਲੋਂ ਉਪਰਲ ਹੁਕਮਾਂ ਦੀ ਤਾਮੀਲ ਲਈ ਕੀਤਾ ਤਸ਼ਦਦ ਅਤੇ ਕਤਲ ਕਿਸੇ ਆਮ ਵਿਅਕਤੀ ਵਲੋਂ ਕੀਤੇ ਕਤਲ ਅਤੇ ਤਸ਼ਦਦ ਨਾਲੋਂ ਵਧੇਰੇ ਨਿਆਪੂਰਣ ਸਮਝਿਆ ਜਾਂਦਾ ਹੈ। ਅਜਿਹਾ ਸਵਾਲ ਉਠਾਉਣ ਵਾਲੇ ਤੇ ਫਟ ਰਾਸ਼ਟਰ ਵਿਰੋਧੀ ਹੋਣ ਦਾ ਠੱਪਾ ਲਾ ਦਿਤਾ ਜਾਂਦਾ ਹੈ।

ਇਹ ਸਰਵਗਿਆਤ ਤੱਥ ਹੈ ਕਿ ਨਵੰਬਰ 1984 ਦੇ ਸਿੱਖ ਵਿਰੋਧੀ ਫਸਾਦ ਹਾਕਮ ਪਾਰਟੀ ਅਤੇ ਸਰਕਾਰੀ ਉਚ ਅਧਿਕਾਰੀਆਂ ਦੀ ਕਾਰਸਤਾਨੀ ਸੀ। ਬਹੁਤ ਸਾਰੇ ਚਸ਼ਮਦੀਦ ਗਵਾਹਾਂ ਨੇ ਇਨ੍ਹਾਂ ਫਸਾਦਾਂ ਪਿਛੇ ਲੀਡਰਸ਼ਿਪ ਦੇ ਹੱਥ ਦੀ ਪੁਸ਼ਟੀ ਕੀਤੀ ਹੈ। ਕਿਸੇ ਵੀ ਆਮ ਕਤਲ ਕੇਸ ਵਿਚ ਅਜਿਹੇ ਸਬੂਤ ਦੀ ਹੋਂਦ ਦੋਸ਼ੀ ਦੀ ਫੌਰਨ ਗ੍ਰਿਫਤਾਰੀ ਲਈ ਕਾਫ਼ੀ ਹੁੰਦੀ, ਪਰੰਤੂ ਇਸ ਕੇਸ ਵਿਚ ਸਮੂਹਕ ਕਤਲ, ਫਸਾਦ, ਲੁਟਮਾਰ, ਬਲਾਤਕਾਰ, ਇਸ ਕਾਰਣ ਨਾ ਸੁਣਵਾਈ ਯੋਗ ਬਣ ਗਏ ਕਿਉਂ ਕਿ ਹਾਕਮ ਜਮਾਤ ਇਨ੍ਹਾਂ ਨੂੰ ਸੁਣਵਾਈ ਯੋਗ (ਕਾਬਲੇ ਸਮਇਤ) ਨਹੀਂ ਮੰਨਦੀ।

ਕਰੀਬ ਛੇ ਮਹੀਨੇ ਤੀਕ ਵਡੀ ਗਿਣਤੀ ਵਿਚ ਲੋਕ ਵਿਅਕਤੀਗਤ ਰੂਪ ਵਿਚ, ਗਰੁਪਾਂ ਅਤੇ ਸੰਗਠਨਾਂ ਦੇ ਰੂਪ ਵਿਚ ਮੁਖ ਸ਼ਕੀ ਵਿਅਕਤੀਆਂ ਵਿਰੁਧ ਜਾਂਚ ਦੀ ਮੰਗ ਕਰਦੇ ਰਹੇ। ਪਰੰਤੂ ਜਿੰਨਾ ਚਿਰ ਤੀਕ ਹਕੂਮਤ ਨੇ 'ਕਤਲੋਗਾਰਤ' ਨੂੰ 'ਡੈਡਇਸ਼ੂ' ਮੰਨੀ ਰਖਿਆ ਇਸ ਸਬੰਧੀ ਸਭ ਤਕਾਜ਼ੇ, ਅਦਾਲਤਾਂ ਵਿਚ ਪਟੀਸ਼ਨਾਂ ਅਤੇ ਅੰਦੋਲਨ ਬੇਕਾਰ ਰਹੇ। ਜਦੋਂ ਵਧ ਰਹੇ ਕੌਮੀ ਅਤੇ ਕੌਮਾਂਤਰੀ ਦਬਾਉ ਨੇ ਅਖੀਰ ਸਰਕਾਰ ਨੂੰ ਜਾਂਚ ਕਰਵਾਉਣ ਲਈ ਮਜਬੂਰ ਕਰ ਦਿਤਾ ਤਾਂ ਇਸ ਸਬੰਧੀ ਐਲਾਨ ਦੇ ਸਮੇਂ ਨੂੰ ਇੰਜ ਮੇਲਿਆ ਗਿਆ ਇਹ ਨਿਆਂ ਦੇਣ ਵਿਚ ਸ਼ਰਮਨਾਕ ਦੇਰੀ ਦੀ ਥਾਂ ਵਡੀ ਸੁਹਿਰਦਤਾ ਦਾ ਮੁਜਸਮਾ ਜਾਪੇ।

ਦੰਗਿਆਂ ਦੀ ਪੜਤਾਲ ਦਾ ਐਲਾਨ ਅਕਾਲੀ ਦਲ ਦੀ ਮੀਟਿੰਗ ਤੋਂ ਐਨ ਪਹਿਲਾਂ ਕੀਤਾ ਗਿਆ ਅਤੇ ਇਸ ਉਪਰ ਅਕਾਲੀਆਂ ਪ੍ਰਤੀ ਸਰਕਾਰ ਦੀ ਰਿਆਇਤ ਦਾ ਲੇਬਲ ਲਾਇਆ ਗਿਆ।

ਸਰਕਾਰੀ ਇਜਾਰੇਦਾਰੀ ਹੇਠਲੇ ਦੂਰਦਰਸ਼ਨ ਅਤੇ ਰੇਡੀਓ ਨੇ ਤਥਾਂ ਦੀ ਇਸ ਤੋੜ ਫੋੜ ਦਾ ਇੰਤਜ਼ਾਮ ਕੀਤਾ। ਚਾਪਲੂਸੀ ਦੀ ਆਦਤ ਇੰਨੀਆਂ ਡੂੰਘੀਆਂ ਜੜ੍ਹਾਂ ਫੜ ਗਈ ਹੈ ਕਿ ਕੌਮੀ ਪ੍ਰੈਸ ਦੇ ਵੱਡੇਰੇ ਹਿੱਸੇ ਨੇ ਬਿਨਾਂ ਝਿਜਕ ਇਹ ਸ਼ਬਦਾਵਲੀ ਅਪਣਾ ਲਈ ਅਤੇ ਇਸ ਦਾ ਇੰਜ ਰੱਟਾ ਲਾਇਆ ਕਿ ਅਕਾਲੀਆਂ ਨੂੰ ਦਿਤੀ ਇਹ 'ਰਿਆਇਤ' ਸਰਕਾਰ ਦੇ ਸੁਲ੍ਹਾਕਾਰੀ ਰੌਂਅ ਦਾ ਸਬੂਤ ਜਾਪੇ। ਕੁਝ ਅਖ਼ਬਾਰਾਂ ਜਿਵੇਂ ਕਿ 'ਟਾਈਮਸ ਆਫ ਇੰਡੀਆ' ਆਪਣੇ ਇਕ ਸੰਪਾਦਕੀ ਵਿਚ ਇਸ ਦੀ ਸਮੇਂ ਪਹਿਲਾਂ ਦਿਤੀ ਰਿਆਇਤ ਆਖ ਕੇ ਆਲੋਚਨਾ ਕਰਨ ਦੀ ਹਦ ਤੀਕ ਗਏ। ਇਸੇ ਪਰਚੇ ਵਿਚ ਇਕ ਸ਼ਰਾਰਤ-ਪੂਰਣ ਕਾਰਟੂਨ ਵਿਚ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਨੂੰ ਅਕਾਲੀ ਦਲ ਵਲ ਤੁਹਫ਼ਿਆਂ ਅਤੇ ਗੁਲਦਸਤਿਆਂ ਦਾ ਭਰਿਆ ਇਕ ਟਰੱਕ ਭੇਜਦੇ ਦਿਖਾਇਆ ਗਿਆ ਅਤੇ ਇਸ ਨਾਲ ਟਿਪਣੀ ਸੀ, 'ਇਹ' ਉਨ੍ਹਾਂ ਨੂੰ ਬੰਦਿਆਂ ਵਾਲੀ ਕਾਰ ਕਰਨ ਦਾ ਸਬਕ ਸਿਖਾਏਗਾ। ਇਸ ਗੱਲ ਨੂੰ ਮੱਦੇ ਨਜ਼ਰ ਰਖਦਿਆਂ ਕਿ 'ਸੱਬਕ ਸਿਖਾਉਣ' ਦੇ ਮੁਹਾਵਰੇ ਨੂੰ ਨਵੰਬਰ ਦੀ ਹਿੰਸਾ ਨੂੰ ਜਾਇਜ਼ ਠਹਿਰਾਉਣ ਲਈ ਕਿੰਨੇ ਅਰਥ ਵਿਸਤਾਰ ਨਾਲ ਵਰਤਿਆ ਗਿਆ ਹੈ, ਇਹ ਪ੍ਰਭਾਵ ਮਿਲਦਾ ਹੈ ਕਿ ਕਾਰਟੂਨਿਸਟ ਨਾ ਕੇਵਲ ਇਸ ਨੂੰ ਨਿਆਏਉਚਿਤ ਹੀ ਠਹਿਰਾਉਣ ਦੀ ਵਕਾਲਤ ਕਰ ਰਿਹਾ ਹੈ ਸਗੋਂ ਅਜਿਹੀ ਹਿੰਸਾ ਦੇ ਦੁਹਰਾਉ ਦੀ ਵੀ।

ਇਸ ਦਾ ਕੀ ਕਾਰਣ ਹੈ ਕਿ ਜਾਂਚ ਕਰਾਉਣ ਨੂੰ ਅਕਾਲੀਆਂ ਪ੍ਰਤੀ ਇਕ ਰਿਆਇਤ ਵਜੋਂ ਪੇਸ਼ ਕੀਤਾ ਜਾ ਸਕਦਾ ਹੈ? ਜਦੋਂ ਕਿਸੇ ਵਿਅਕਤੀ ਦਾ ਕਤਲ ਹੁੰਦਾ ਹੈ ਤਾਂ ਸਰਕਾਰ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਮੁਕਦਮਾ ਦਾਇਰ ਕਰੇ। ਇੰਜ ਹੀ ਵਡੇ ਪਧਰ ਉਪਰ ਹੋਏ ਜਾਨੀ-ਨੁਕਸਾਨ ਦੀ ਜਾਂਚ ਕਰਵਾਉਣਾ ਵੀ ਇਕ ਸਥਾਪਤ ਰਵਾਇਤ ਹੈ। ਇਨ੍ਹਾਂ ਚੋਂ ਕਿਸੇ ਵੀ ਮਾਮਲੇ ਵਿਚ, ਸਰਕਾਰੀ ਕਾਰਵਾਈ ਨੂੰ ਪੀੜਿਤਾਂ ਜਾਂ ਉਨ੍ਹਾਂ ਦੇ ਰਿਸ਼ਤੇ-ਦਾਰਾਂ ਪ੍ਰਤੀ ਰਿਆਇਤ ਕਰਾਰ ਨਹੀਂ ਦਿਤਾ ਜਾਂਦਾ। ਪਰੰਤੂ ਇਸ ਮਾਮਲੇ ਵਿਚ ਸਰਕਾਰ ਲੋਕਾਂ ਨੂੰ ਇਸ ਗੱਲ ਦਾ ਕਾਇਲ ਕਰਾਉਣਾ ਚਾਹੁੰਦੀ ਹੈ ਕਿ ਸਿੱਖਾਂ ਦੇ ਜਾਨਮਾਲ ਨਾਲ ਕੇਵਲ ਅਕਾਲੀਆਂ ਜਾਂ ਸਿੱਖਾਂ ਦਾ ਵਾਸਤਾ ਹੈ ਹੋਰ ਕਿਸੇ ਦਾ ਨਹੀਂ। ਇੰਜ ਦਰਅਸਲ ਸਰਕਾਰ ਸਚਮੁਚ ਹੀ

ਲੋਕਾਂ ਦੇ ਦਿਲਾਂ ਤੇ ਦਿਮਾਗਾਂ ਵਿਚ ਵੰਡੀਆਂ ਪਾ ਕੇ ਉਨ੍ਹਾਂ ਨੂੰ ਵਖ ਵਖ ਕੌਮਾਂ ਵਿਚ ਵੰਡ ਰਹੀ ਹੈ ਜੋ ਕਿ ਕਿਸੇ ਵੀ ਭੂਗੋਲਿਕ ਹਦਬੰਦੀ ਨਾਲੋਂ ਵਧੇਰੇ ਫੁਟਪਾਊ ਹੈ। ਜਾਂਚ ਦੀ ਮੰਗ ਕੇਵਲ ਅਕਾਲੀ ਨੇ ਹੀ ਨਹੀਂ ਸੀ ਕੀਤੀ ਅਤੇ ਇਸਦਾ ਮੁਕਸਦ ਕੇਵਲ ਸਿਖਾਂ ਨਾਲ ਨਿਆਂ ਕਰਕੇ ਵੀ ਨਹੀਂ ਸੀ। ਇਹ ਜਾਨਣਾ ਹਰ ਭਾਰਤੀ ਸ਼ਹਿਰੀ ਦਾ ਹੱਕ ਹੈ ਕਿ ਦੋਸ਼ੀ ਕੌਣ ਸਨ ਅਤੇ ਹਰ ਭਾਰਤੀ ਸ਼ਹਿਰੀ ਉਨਾਂ ਨੂੰ ਅਦਾਲਤ ਦੇ ਕਟਹਿਰੇ ਵਿਚ ਖੜੇ ਦੇਖਣਾ ਚਾਹੁੰਦਾ ਹੈ। ਇਸ ਦਾ ਕਾਰਣ ਸਿਰਫ ਇਹ ਨਹੀਂ ਕਿ ਹਮ-ਮਨੁਖਾਂ ਨਾਲ ਹੋਈ ਹਿੰਸਾ ਸਾਨੂੰ ਸਭ ਨੂੰ ਦੁਖ ਪਹੁੰਚਾਉਂਦੀ ਹੈ ਸਗੋਂ ਇਹ ਵੀ ਹੈ ਕਿ ਜੋ ਕੁਝ ਅੱਜ ਸਿਖਾਂ ਨਾਲ ਉਨ੍ਹਾਂ ਦੇ ਧਰਮ ਕਾਰਣ ਵਾਪਰਿਆ ਹੈ ਉਹੋ ਕੁਝ ਕੱਲ ਨੂੰ ਸ਼ਹਿਰੀਆਂ ਦੇ ਕਿਸੇ ਵੀ ਹੋਰ ਸਮੂਹ ਨਾਲ ਬੋਲੀ, ਜਾਤ, ਖੇਤਰ ਦੇ ਮੁਆਸ਼ਰੇ ਤੇ ਵਾਪਰ ਸਕਦਾ ਹੈ। ਇਕ ਵਾਰ ਜੇ ਕਿਸੇ ਇਕ ਖਾਸ ਸਮੂਹ ਪ੍ਰਤੀ ਆਪਹੁਦਰੇ ਜਬਰ ਦੀ ਵਰਤੋਂ ਅਤੇ ਨਫਰਤ ਦੇ ਫੈਲਾਉ ਨੂੰ ਸਾਡੇ ਰਾਜਤੰਤਰ ਵਿਚ ਜ਼ਾਹਰਾ ਜਾਂ ਚੁਪ ਪ੍ਰਵਾਨਗੀ ਮਿਲ ਗਈ ਤਾਂ ਪਤਾ ਨਹੀਂ ਇਹ ਕਿਹੜੀ ਦਿਸ਼ਾ ਨੂੰ ਵਗ ਤੁਰੇ।

ਫਿਰ ਵੀ ਦੁਰਭਾਗਵਸ ਜਾਂਚ ਨੂੰ ਅਕਾਲੀਆਂ ਪ੍ਰਤੀ ਰਿਆਇਤ ਗਰਦਾਨੇ ਜਾਣ ਵਿਰੁਧ ਸ਼ਾਇਦ ਹੀ ਕੋਈ ਮਾੜੀ ਮੋਟੀ ਆਵਾਜ਼ ਉਠੀ ਹੋਵੇ। ਸਰਕਾਰ ਦੇ ਮੰਦੇ-ਚੰਗੇ ਕੰਮਾਂ ਪ੍ਰਤੀ ਸਰਕਾਰ ਦੇ ਦਿਤੇ ਦ੍ਰਿਸ਼ਟੀਕੋਣ ਨੂੰ ਹੀ ਪ੍ਰਵਾਨ ਕਰ ਲੈਣ ਦੀ ਸਾਡੀ ਵਾਦੀ ਦਾ ਕਾਰਣ ਕੁਝ ਇਹ ਹੈ ਕਿ ਕਿਸੇ ਅੰਦੋਲਨ ਵਿਚਲੇ ਅਸਲ ਮੁਦਿਆਂ ਤੋਂ ਲੋਕਾਂ ਦਾ ਧਿਆਨ ਪਾਸੇ ਹਟਾਉਣ ਦੀ ਤਕਨੀਕ ਵਿਚ ਸਾਡੀ ਸਰਕਾਰ ਮੁਹਾਰਤ ਹਾਸਲ ਕਰ ਚੁਕੀ ਹੈ। ਇਸ ਤਕਨੀਕ ਵਿਚ ਖਾਸ ਤੌਰ-ਤਰੀਕੇ ਸ਼ੁਮਾਰ ਹਨ, ਜਿਹੜੇ ਸਾਰੇ ਹਾਲੀਆ ਅੰਦੋਲਨਾਂ-ਨਰਸਾਂ ਅਤੇ ਅਧਿਆਪਕਾਂ ਦੇ ਛੋਟੇ ਮੋਟੇ ਅੰਦੋਲਨ ਸਮੇਤ ਵਿਚ ਵਾਚੇ ਜਾ ਸਕਦੇ ਹਨ, ਪਰੰਤੂ ਪੰਜਾਬ ਅਤੇ ਆਸਾਮ ਦੇ ਵੱਡੇ ਅੰਦੋਲਨਾਂ ਵਿਚ ਤਾਂ ਸਾਫ ਜ਼ਾਹਰ ਹਨ।

ਪਹਿਲੇ ਪੜਾਅ ਤੇ ਅੰਦੋਲਨਕਾਰੀ ਕੁਝ ਮੰਗਾਂ ਰਖਦੇ ਹਨ, ਜਿਨ੍ਹਾਂ ਵਿਚੋਂ ਕੁਝ ਇਕ ਨੂੰ ਸਰਕਾਰ ਸਿਧਾਂਤਕ ਤੌਰ 'ਤੇ ਮੰਨ ਲੈਂਦੀ ਹੈ ਜਦੋਂ ਕਿ ਦੂਜੀਆਂ ਲਈ ਟਾਲਮਟੋਲ ਕਰਦੀ ਹੈ। ਜਿਹੜੀਆਂ ਮੰਗਾਂ ਮੰਨ ਵੀ ਲਈਆਂ ਜਾਂਦੀਆਂ ਹਨ ਉਨ੍ਹਾਂ ਨੂੰ ਵੀ ਅਮਲੀ ਜਾਮਾ ਨਹੀਂ ਪਹਿਨਾਇਆ ਜਾਂਦਾ ਸਗੋਂ ਉਨ੍ਹਾਂ ਤੇ ਅਮਲ ਨੂੰ ਅਣਮਿਥੇ ਸਮੇਂ ਲਈ ਅਗੇ ਪਾ ਦਿਤਾ ਜਾਂਦਾ ਹੈ। ਅੰਦੋਲਨਕਾਰੀਆਂ ਵਿਚ ਅਸਹਿਨਸ਼ੀਲਤਾ ਪੈਦਾ ਹੋਣ ਲਗਦੀ ਹੈ। ਸਰਕਾਰ ਅੰਦੋਲਨਕਾਰੀਆਂ ਨੂੰ ਆਪਸ ਵਿਚ ਵੰਡ ਕੇ ਹਿੰਸਾ ਲਈ ਰਾਹ ਖੋਲ੍ਹਦੀ ਹੈ ਅਤੇ ਫਿਰ ਪੁਲੀਸ, ਫੌਜ, ਸੈਂਸਰਸ਼ਿਪ, ਪਾਬੰਦੀਆਂ ਰਾਹੀਂ ਜਬਰ ਸ਼ੁਰੂ ਹੁੰਦੀ ਹੈ। ਅੰਦੋਲਨ ਦਾ ਮਰਕਜ਼ ਬਦਲ ਜਾਂਦਾ ਹੈ ਅਤੇ ਮੁਖ ਮੰਗ ਜਬਰ ਬੰਦ ਕਰਨ ਦੀ ਬਣ ਜਾਂਦੀ ਹੈ। ਜਬਰ ਬੰਦ ਕਰਨ ਨੂੰ ਵੀ ਵੱਡੀ ਖੁਲਦਿਲੀ ਦਾ ਕਾਰਨਾਮਾ ਦਸਿਆ ਜਾਂਦਾ ਹੈ। ਅਸਲ ਮੁਦਿਆਂ ਚੋਂ ਕਿਸੇ ਇਕ ਨੂੰ ਵੀ ਹਲ ਨਹੀਂ ਕੀਤਾ ਜਾਂਦਾ ਪਰੰਤੂ ਅੰਦੋਲਨਕਾਰੀਆਂ ਪਾਸੋਂ ਸਮੁਚਾ ਅੰਦੋਲਨ ਸਮਾਪਤ ਕਰਕੇ ਸੁਹਿਰਦਤਾ ਦਿਖਾਉਣ ਦੀ ਮੰਗ ਕੀਤੀ ਜਾਂਦੀ ਹੈ। ਜੇ ਉਹ ਇੰਝ ਨਹੀਂ ਕਰਦੇ ਤਾਂ ਉਨ੍ਹਾਂ ਨੂੰ ਕਟੜਪੰਥੀ, ਵੱਖਵਾਦੀ, ਇੰਤਹਾਪਸੰਦ, ਰਾਸ਼ਟਰ ਵਿਰੋਧੀ ਕਰਾਰ ਦਿੱਤਾ ਜਾਂਦਾ ਹੈ।

ਹਾਲ ਹੀ ਵਿਚ ਦਿਤੀਆਂ ਗਈਆਂ ਤਥਾ-ਕਥਿਤ ਰਿਆਇਤਾਂ—ਜਾਂਚ ਕਰਾਉਣ, ਸਿੱਖ ਸਟੂਡੈਂਟਸ ਫੈਡਰੇਸ਼ਨ ਤੋਂ ਪਾਬੰਦੀ ਹਟਾਉਣ ਅਤੇ ਕੁਝ ਨਜ਼ਰਬੰਦਾਂ ਨੂੰ ਰਿਹਾ ਕਰਨ—ਵਿਚੋਂ ਕੋਈ ਵੀ ਜਬਰ ਦੇ ਕਦਮ ਵਾਪਸ ਲੈਣ ਤੋਂ ਵਧੇਰੇ ਕੁਝ ਨਹੀਂ। ਫਿਰ ਵੀ ਜੇ ਅਕਾਲੀ ਜਬਰ ਦੇ ਦੂਜੇ ਤੌਰ-ਤਰੀਕਿਆਂ ਨੂੰ ਬੰਦ ਕਰਨ—ਜਿਹਾ ਕਿ ਫੌਜ ਦੀ ਵਾਪਸੀ ਜਾਂ ਆਪਣੀਆਂ ਮੰਗਾਂ, ਜਿਨ੍ਹਾਂ ਚੋਂ ਬਹੁਤੀਆਂ ਸਿਧਾਂਤਕ ਤੌਰ ਤੇ ਮੰਨ ਵੀ ਲਈਆਂ ਗਈਆਂ ਸਨ, ਦੀ ਪ੍ਰਵਾਨਗੀ ਦੀ ਮੰਗ ਕਰਦੇ ਹਨ ਤਾਂ ਉਨ੍ਹਾਂ ਨੂੰ ਨਿਹੱਇਤ ਗੈਰ-ਵਾਜਬ ਕਰਾਰ ਦਿੱਤਾ ਜਾਂਦਾ ਹੈ।

ਜਿਸ ਕਿਸਮ ਦੀ ਇਕ ਨਿਖਰਵੀਂ ਮਿਸਾਲ ਟਾਈਮਜ਼ ਆਫ ਇੰਡੀਆ (16 ਅਪਰੈਲ) ਵਿਚ ਛਪੀ ਇਕ ਰਿਪੋਰਟ ਹੈ ਜਿਸ ਵਿਚ ਅਕਾਲੀਆਂ ਉਪਰ ਆਪਣੇ ਭਾਈਚਾਰੇ ਨੂੰ ਇਸ ਗੱਲ ਲਈ ਉਕਸਾਉਣ ਦਾ ਦੋਸ਼ ਲਾਇਆ ਗਿਆ ਹੈ ਕਿ ਜੋ ਕੁਝ ਹਾਸਲ ਹੋਇਆ ਹੈ, ਸਖਤ ਅਤੇ ਯੁਧਕਾਰੀ ਰਵਈਆ ਅਪਨਾ ਕੇ ਇਸ ਸਰਕਾਰ ਤੋਂ ਉਸ ਨਾਲੋਂ ਕਿਤੇ ਵਧੇਰੇ ਨਚੋੜਿਆ ਜਾ ਸਕਦਾ ਹੈ। ਇਥੇ 'ਸਖਤ ਅਤੇ ਯੁਧਕਾਰੀ' ਜਿਹੇ ਭਾਵ ਉਤੇਜਕ ਵਿਸ਼ੇਸ਼ਣਾ ਰਾਹੀਂ ਸਰਕਾਰ ਦੀ ਨਹੀਂ ਸਗੋਂ ਅਕਾਲੀਆਂ ਦੀ ਵਿਆਖਿਆ ਇਸ ਪ੍ਰਭਾਵ ਨੂੰ ਪੱਕਾ ਕਰਦੀ ਹੈ ਕਿ ਕਤਲੇਆਮ ਦੀ ਜਾਂਚ ਸ਼ਿਕਾਰ ਹੋਏ ਵਿਅਕਤੀਆਂ ਉਪਰ ਕੀਤਾ ਅਹਿਦ-ਏ-ਕਰਮ ਹੈ।

ਮਜ਼ੇ ਦੀ ਗੱਲ ਇਹ ਹੈ ਕਿ ਸ਼ਬਦ 'ਸਖਤ' ਦੀ ਵਰਤੋਂ ਜਦੋਂ ਹਕੂਮਤ ਆਪਣੇ ਵਾਸਤੇ ਕਰਦੀ ਹੈ ਤਾਂ ਚਾਣਚਕ ਹੀ ਇਹ ਸੁਲਾਹੁਣਯੋਗ ਪੱਕੇ ਇਰਾਦੇ ਦਾ ਸੰਕੇਤ ਬਣ ਜਾਂਦਾ ਹੈ। ਇੰਜ ਰਾਜੀਵ ਗਾਂਧੀ ਨੇ ਜਦੋਂ ਕਾਂਗਰਸ ਦੇ ਸੌ ਸਾਲਾ ਸਮਾਰੋਹਾਂ ਦੇ ਉਦਘਾਟਨੀ ਭਾਸ਼ਨ ਵਿਚ ਕਿਹਾ ..."ਪਿਆਰ ਵੀ ਸੁਰ ਕਰੜੀ ਹੋ ਸਕਦੀ ਹੈ ਅਤੇ ਨਰਮ ਹਥ ਸਖਤ ਹੋ ਸਕਦਾ ਹੈ ਤਾਂ ਜ਼ੋਰ ਜ਼ੋਰ ਦੀ ਤਾੜੀਆਂ ਵਜਾਈਆਂ ਗਈਆਂ।

[ਬਾਕੀ ਸਫ਼ਾ 21 ਤੇ]

ਕੁਝ ਪ੍ਰਭਾਵ

# ਮੇਰੀ ਕੈਨੇਡਾ ਅਤੇ ਅਮਰੀਕਾ ਦੀ ਫੇਰੀ

**ਗੁਰਸ਼ਰਨ ਸਿਘ**

29 ਮਈ ਤੋਂ 23 ਜੁਲਾਈ ਤੱਕ ਮੈਨੂੰ ਕੈਨੇਡਾ ਅਤੇ ਅਮਰੀਕਾ ਦੀਆਂ ਬਹੁਤ ਸਾਰੀਆਂ ਥਾਵਾਂ ਤੇ ਜਾਣ ਦਾ ਮੌਕਾ ਮਿਲਿਆ ਹੈ। ਮੈਂ ਇਹਨਾਂ ਮੁਲਕਾਂ ਵਿਚ ਈਪਾਨਾ ਅਤੇ 'ਐਂਟੀ 47 ਫਰੰਟ' ਦੇ ਸੱਦੇ ਤੇ ਗਿਆ ਸੀ। ਇਸ ਫੇਰੀ ਨੂੰ ਕਾਮਯਾਬ ਬਣਾਉਣ ਵਿਚ ਐਡਮੌਂਟਨ (ਕੈਨੇਡਾ) ਦੀ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਅਤੇ ਵੈਨਕੂਵਰ ਸੱਥ ਨੇ ਵੀ ਆਪਣਾ ਯੋਗਦਾਨ ਪਾਇਆ ਹੈ। ਇਹੋ ਸਾਰੀਆਂ ਸੰਸਥਾਵਾਂ ਇਹਨਾਂ ਦੇਸ਼ਾਂ ਵਿਚ ਜਿਥੇ ਆਪਣੇ ਲੋਕਾਂ ਦੇ ਹਿਤਾਂ ਲਈ ਸੰਘਰਸ਼ ਕਰਨਾ ਆਪਣਾ ਮੁੱਖ ਨਿਸ਼ਾਨਾ ਸਮਝਦੀਆਂ ਹਨ, ਉਥੇ ਇਹ ਭਾਰਤ ਵਿਚ ਲੋਕ ਪੱਖੀ ਇਨਕਲਾਬ ਦੀਆਂ ਸਮਰੱਥਕ ਹਨ। ਇਸੇ ਨਾਤੇ ਜਿਥੇ ਇਹ ਭਾਰਤ ਸਰਕਾਰ ਦੀਆਂ ਫਾਸ਼ੀ ਦਮਨ ਦੀਆਂ ਪਾਲ-ਸੀਆਂ ਦੀ ਵਿਰੋਧਤਾ ਕਰਦੀਆਂ ਹਨ, ਉਥੇ ਫਿਰਕੂ ਜਨੂੰਨ ਦੀ ਵਿਰੋਧਤਾ ਕਰਨੀ ਵੀ ਇਹਨਾਂ ਦੀ ਫੌਰੀ ਲੋੜ ਬਣੀ ਹੋਈ ਹੈ। ਪਿਛਲੇ ਸਾਰੇ ਦੌਰ ਵਿਚ ਸਮਤਾ ਨੇ ਜੋ ਭੂਮਿਕਾ ਨਿਭਾਈ ਹੈ, ਇਹਨਾਂ ਸਾਥੀਆਂ ਦੇ ਦਿਲਾਂ ਵਿਚ ਉਹਦੀ ਪ੍ਰਸੰਸਾ ਹੈ। ਬਹੁਤ ਸਾਰੀਆਂ ਬੈਠਕਾਂ ਵਿਚ ਮੈਂ ਪੰਜਾਬ ਦੇ ਹਾਲਾਤ ਬਾਰੇ ਰੀਪੋਰਟਿੰਗ ਕੀਤੀ ਅਤੇ ਆਪਣਾ ਦ੍ਰਿਸ਼ਟੀ-ਕੋਣ ਦਸਿਆ। ਵੈਨਕੂਵਰ, ਐਡਮੌਂਟਨ ਅਤੇ ਕੈਲੀਫੋਰ-ਨੀਆਂ ਦੇ ਸ਼ਹਿਰਾਂ ਬੇਕਰਸਫੀਲਡ ਅਤੇ ਬਰਕਲੇ ਵਿਚ ਉਥੋਂ ਦੇ ਸਾਥੀਆਂ ਨਾਲ ਰਲ ਕੇ ਬੜੇ ਸਫਲ ਨਾਟਕ ਪ੍ਰੋਗਰਾਮ ਵੀ ਕੀਤੇ, ਜਿਨ੍ਹਾਂ ਨੂੰ ਵੱਡੀ ਗਿਣਤੀ ਵਿਚ ਲੋਕਾਂ ਨੇਂ ਵੇਖਿਆ। ਇਹਨਾਂ ਨਾਟਕ ਪ੍ਰੋਗਰਾਮਾਂ ਵਿਚ ਪ੍ਰਸਿੱਧ ਨਾਟਕ ਤੂਤਾਂ ਵਾਲਾ ਖੂਹ, ਬਾਬਾ ਬੋਲਦਾ ਹੈ, ਪਲੈਨਿੰਗ, ਭੇਡ ਕੈਨੇਡਾ ਗਏ ਅਤੇ 'ਮਸਲਾ ਬੱਕਰੀ ਦਾ' ਪੇਸ਼ ਕੀਤੇ ਗਏ। ਇਹਨਾਂ ਨਾਟਕਾਂ ਵਿਚ ਜਿਥੇ ਭਾਰਤ ਦੇ ਭ੍ਰਿਸ਼ਟ ਨਿਜ਼ਾਮ ਨੂੰ ਨੰਗਿਆਂ ਕਰਕੇ ਲੋਕਾਂ ਨੂੰ ਸੰਘਰਸ਼ ਲਈ ਪ੍ਰੇਰਨਾ ਸੀ, ਉਥੇ ਫਿਰਕੂ ਜਨੂੰਨ ਦੇ ਵਿਰੁੱਧ ਵੀ ਲੋਕਾਂ ਨੂੰ ਖਬਰਦਾਰ ਕੀਤਾ ਗਿਆ। ਇਹਨਾਂ ਪ੍ਰੋਗਰਾਮਾਂ ਵਿਚ ਐਡਮੌਂਟਨ ਦੇ ਸਾਥੀਆਂ ਵਲੋਂ ਬਾਬੂ ਰੱਜਬ ਅਲੀ ਦੀਆਂ ਲਿਖੀਆਂ ਕਵੀਸ਼ਰੀਆਂ ਵੀ ਬੜੇ ਅਸਰਦਾਇਕ ਤਰੀਕੇ ਨਾਲ ਪੇਸ਼ ਕੀਤੀਆਂ ਗਈਆਂ। ਇਹ ਪ੍ਰੋਗਰਾਮ ਪੰਜਾਬ ਵਿਚ ਕਿਸੇ ਵੀ ਥਾਂ ਤੇ ਹੋ ਰਹੇ ਇਕ ਲੋਕ ਪੱਖੀ ਪ੍ਰੋਗਰਾਮ ਦਾ ਸਹੀ ਅਕਸ ਸਨ। ਭੈਣਾਂ ਦੀ ਵੀ ਇਹਨਾਂ ਪ੍ਰੋਗਰਾਮਾਂ ਵਿਚ ਬੜੀ ਉਤਸ਼ਾਹਜਨਕ ਸ਼ਮੂਲੀਅਤ ਸੀ। ਸਮੂਹ ਗੀਤ 'ਸੌਂਹ ਸਾਨੂੰ ਥੋੜੇ ਖੂਨ ਦੀ ਧਾਰੋਂ' ਵੀਰਾਂ ਅਤੇ ਭੈਣਾਂ ਨੇ ਰਲਕੇ ਗਾਇਆ। 'ਕੱਖਾਂ ਦੀਏ ਕੁਲੀਏ ਮੀਨਾਰ ਬਣ ਜਾਈਂ' ਭੈਣਾਂ ਨੇ ਐਕਸ਼ਨ ਗੀਤ ਦੀ ਸ਼ਕਲ ਵਿਚ ਗਾਇਆ। ਆਪਣੀ ਇਸ ਫੇਰੀ ਦੇ ਕੁਝ ਪ੍ਰਭਾਵ ਮੈਂ ਸਮਤਾ ਦੇ ਪਾਠਕਾਂ ਨਾਲ ਸਾਂਝੇ ਕਰ ਰਿਹਾ ਹਾਂ।

**ਬਾਹਰ ਵੱਸਦੇ ਲੋਕ ਆਪਣੀ ਧਰਤੀ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਹਨ :** ਮੈਂ ਜਿਥੇ ਵੀ ਜਾਂਦਾ, ਮੇਰੇ ਤੇ ਪਹਿਲਾ ਸਵਾਲ ਕੀਤਾ ਜਾਂਦਾ ਕਿ ਪੰਜਾਬ ਦਾ ਹੁਣ ਕੀ ਹਾਲ ਹੈ ? ਪਿਛਲੇ ਕੁਝ ਸਾਲਾਂ ਵਿਚ ਅਤੇ ਖਾਸ ਕਰਕੇ ਪਿਛਲੇ ਇਕ ਸਾਲ ਵਿੱਚ ਪੰਜਾਬ ਜਿਸ ਸੰਤਾਪ ਦੇ ਦੌਰ ਵਿਚੋਂ ਲੰਘਿਆ ਹੈ, ਉਸਦੇ ਕਰਕੇ ਇਹ ਸਵਾਲ ਪੁਛਿਆ ਜਾਣਾ ਕੁਦਰਤੀ ਹੀ ਸੀ। ਮੈਂ ਜਦੋਂ ਉਹਨਾਂ ਨੂੰ ਦਸਦਾ ਕਿ ਵਾਤਾਵਰਨ ਵਿਚ ਭਾਵੇਂ ਬੜਾ ਖਿਚਾਅ ਹੈ ਪਰ ਸਾਧਾਰਨ ਲੋਕ ਆਪਸੀ ਨਫਰਤ ਤੋਂ ਮੁਕਤ ਆਪਣੇ-ਆਪਣੇ ਕੰਮਾਂ ਵਿਚ ਰੁੱਝੇ ਹੋਏ ਹਨ ਤਾਂ ਉਹਨਾਂ ਨੂੰ ਹੈਰਾਨੀ ਹੁੰਦੀ। ਇਥੋਂ ਦੀਆਂ ਅਖਬਾਰਾਂ ਵਿਚ ਬਹੁਤ ਸਖਤ ਪੱਖਵਾਦੀ ਪ੍ਰਚਾਰ ਹੈ, ਜਿਸ ਤੋਂ ਇਹ ਪ੍ਰਭਾਵ ਬਣਨਾ ਕੁਦਰਤੀ ਹੈ ਕਿ ਪੰਜਾਬ ਵਿਚ ਹੁਣ ਹਿੰਦੂ ਸਿੱਖ ਇਕੱਠੇ ਰਹਿ ਹੀ ਨਹੀਂ ਸਕਦੇ। ਮੈਂ ਬੈਠਕ ਮੀਟਿੰਗਾਂ ਵਿਚ ਅਤੇ ਪਬਲਿਕ ਮੀਟਿੰਗਾਂ ਵਿਚ ਇਸ ਗੱਲ ਤੇ ਜ਼ੋਰ ਦਿੱਤਾ ਕਿ ਪੰਜਾਬ ਵਿਚ ਲੜਾਈ ਹਿੰਦੂ ਸਿੱਖਾਂ ਦੀ ਆਪਸ ਵਿਚ ਨਹੀਂ ਸਗੋਂ ਕੇਂਦਰ ਦੇ ਜਬਰ ਵਿਰੁੱਧ ਹੈ, ਜਿਸ ਵਿਚ ਇਕ ਸਿੱਖ ਗਿਆਨੀ ਜ਼ੈਲ ਸਿੰਘ ਪ੍ਰਧਾਨਗੀ ਦੇ ਅਹੁਦੇ ਤੇ ਬੈਠਾ ਹੈ। ਜਿਹੜੀ ਫੌਜ ਹਰਿਮੰਦਰ ਸਾਹਿਬ ਗਈ, ਉਹਦਾ ਸੁਪਰੀਮ ਕਮਾਂਡਰ ਗਿਆਨੀ ਜ਼ੈਲ ਸਿੰਘ ਸੀ। ਸੋ ਸਾਨੂੰ ਇਹ ਆਖਣ ਦੀ ਗਲਤੀ ਨਹੀਂ ਕਰਨੀ ਚਾਹੀਦੀ ਕਿ ਹਰਮੰਦਰ ਸਾਹਿਬ ਦੇ ਕੰਪਲੈਕਸ ਦੀ ਤਬਾਹੀ ਹਿੰਦੂਆਂ ਨੇ ਕੀਤੀ। ਇਹ ਸੈਂਟਰ ਦੀ ਸਰਕਾਰ ਨੇ ਕੀਤੀ ਅਤੇ ਇਹਦਾ ਬਹਾਨਾ ਹਰਮੰਦਰ ਸਾਹਿਬ ਵਿਚ ਜੂਨ ਤੋਂ ਪਹਿਲੇ ਹੋਈਆਂ ਕੁਝ ਗਲਤ ਕਾਰਵਾਈਆਂ ਨੇ ਦਿੱਤਾ। ਮੈਂ ਉਹਨਾਂ ਨੂੰ ਦਸਦਾ ਕਿ ਪੰਜਾਬ ਦੇ ਲੋਕ ਫੌਜੀ ਰਾਜ ਦਾ ਸਾਰਾ ਜਬਰ ਝਲਦੇ ਹੋਏ ਵੀ ਸਿਰ ਉੱਚਾ ਕਰਕੇ ਜੀ ਰਹੇ ਹਨ। ਉਹ ਹਿੰਦੂ ਸਿੱਖ ਏਕਤਾ ਦੀ ਰਖਵਾਲੀ ਕਰ ਰਹੇ ਹਨ ਅਤੇ ਹਿੰਦੂ ਅਤੇ ਸਿਖ ਧਾਰਮਕ ਜਨੂੰਨੀਆਂ ਦੀਆਂ ਦੀਆਂ ਇੱਕਾ ਦੁੱਕਾ ਕਾਰਵਾਈਆਂ, ਜੋ ਇਸ ਏਕਤਾ ਨੂੰ ਤੋੜਨਾ ਚਾਹੁੰਦੀਆਂ ਹਨ, ਬੜੀ ਸੂਝ ਨਾਲ ਅਸਫਲ ਬਣਾ ਰਹੇ ਹਨ। ਕਿਸੇ ਦੇ ਕੁਝ ਵੀ ਸਿਆਸੀ ਜਾਂ ਧਾਰਮਕ ਵਿਚਾਰ ਹੋਣ, ਆਪਣੇ ਵਤਨ ਤੋਂ ਆ ਰਹੀ ਇਸ ਠੰਢੀ ਹਵਾ ਵਰਗੀ ਖਬਰ ਦਾ ਹਰ ਕੋਈ ਸਵਾਗਤ ਕਰਦਾ। ਕੌਣ ਚਾਹੁੰਦਾ ਹੈ ਕਿ ਉਸਦੀ ਜਨਮ ਧਰਤੀ ਅੱਗ ਦੀ ਲਪੇਟ ਵਿਚ ਆਏ ? ਇਹਦਾ ਅਹਿਸਾਸ ਮੈਨੂੰ 'ਤੂਤਾਂ ਵਾਲਾ ਖੂਹ' ਪੇਸ਼ ਕਰਨ ਵੇਲੇ ਵੀ ਹੋਇਆ। ਨਾਟਕ ਦੇ

ਅਖੀਰ ਵਿਚ ਜਦੋਂ ਸੰਤਾਲੀ ਵੇਲੇ ਵੀ ਹੋਇਆ। ਨਾਟਕ ਦੇ ਅਖੀਰ ਵਿਚ ਜਦੋਂ ਸੰਤਾਲੀ ਵੇਲੇ ਦਾ ਸੀਨ ਆਇਆ ਜਦੋਂ ਭਰਾਵਾਂ ਵਰਗੇ ਦੋ ਦੋਸਤ ਇਲਮਦੀਨ ਅਤੇ ਸੱਜਣ ਸਿੰਘ ਇਕ ਦੂਜੇ ਕੋਲੋਂ ਵਿਛੜਨ ਵੇਲੇ ਧਾਹੀਂ ਮਾਰਦੇ ਹਨ ਤੇ ਕਹਿੰਦੇ ਨੇ "ਮਾਰ ਸੁਟਿਆ ਇਹਨਾਂ ਲੀਡਰਾਂ ਨੇ" ਤਾਂ ਹਾਲ ਵਿਚ ਬਹੁਤੀਆਂ ਥਾਵਾਂ ਤੋਂ ਡੁਸਕਣ ਦੀ ਆਵਾਜ਼ ਆਈ ਅਤੇ ਸਾਰੀਆਂ ਅੱਖਾਂ ਗਿੱਲੀਆਂ ਸਨ। ਲੋਕਾਂ ਨੂੰ ਮਿਲਦਿਆਂ ਭਾਵੇਂ ਕਿਸੇ ਵੀ ਵਿਸ਼ੇ ਤੇ ਗੱਲ ਕਰਦਾ, ਗੱਲ ਮੁੜ ਤੁੜਕੇ ਇਸੇ ਪੰਜਾਬ ਦੇ ਮਸਲੇ ਤੇ ਆ ਜਾਂਦੀ ਤੇ ਇਹ ਗੱਲ ਸੱਚ ਦੀ ਸੂਚਕ ਹੈ ਕਿ ਬੰਦਾ, ਜਿਥੇ ਮਰਜ਼ੀ ਚਲਾ ਜਾਵੇ ਥੋੜੇ ਕੀਤੇ ਆਪਣੀ ਮਾਂ ਧਰਤੀ ਤੋਂ ਨਹੀਂ ਟੁੱਟ ਸਕਦਾ।

## ਦੁਨੀਆਂ ਕਿਥੇ ਦੀ ਕਿਥੇ ਪੁੱਜ ਗਈ ਹੈ :

(ਡਿਜ਼ਨੀਲੈਂਡ) ਕੈਲੀਫੋਰਨੀਆ ਅਮਰੀਕਾ ਦੀ ਇਕ ਖੁਸ਼ਹਾਲ ਸਟੇਟ (ਸੂਬਾ) ਹੈ। ਇਹਦਾ ਮੌਸਮ ਪੰਜਾਬ ਵਰਗਾ ਹੈ। ਲਾਸ ਏਂਗਲਸ ਇਸਦਾ ਇਕ ਸ਼ਹਿਰ ਹੈ, ਜਿਸ ਵਿਚ ਪਿਛੇ ਉਲੰਪਿਕ ਖੇਡਾਂ ਹੋਈਆਂ ਸਨ। ਇਸ ਸ਼ਹਿਰ ਦੇ ਬਾਹਰਵਾਰ ਹਾਲੀਵੁਡ ਫਿਲਮਾਂ ਬਣਾਉਣ ਦਾ ਪ੍ਰਸਿੱਧ ਸਟਡੀਊ ਹੈ। ਇਹ ਸਟੂਡੀਉ ਕਾਹਦਾ ਹੈ, ਸਗੋਂ ਇਕ ਐਸਾ ਥਾਂ ਹੈ, ਜਿਸ ਵਿਚ ਕਿਸੇ ਘੁੱਗ ਵਸਦੇ ਸ਼ਹਿਰ ਤੋਂ ਲੈ ਕੇ ਜੰਗਲ, ਰੇਗਿਸਤਾਨ, ਦਰਿਆ, ਸਮੁੰਦਰ, ਬਾਗ਼, ਝਰਨੇ, ਪਹਾੜ ਆਦਿਕ ਹਰ ਕਿਸਮ ਦਾ ਕੁਦਰਤੀ ਵਾਤਾਵਰਨ ਉਸਾਰਨ ਦਾ ਇੰਤਜ਼ਾਮ ਹੈ। ਕੋਈ ਵੀ ਫਿਲਮ ਜਿਸ ਵਿਚ ਡਿੱਗਦੀ ਬਰਫ, ਮੀਂਹ, ਹੜ ਆਦਿਕ ਵਿਖਾਣੀ ਹੋਵੇ ਜਾਂ ਦੁਨੀਆਂ ਦੇ ਕਿਸੇ ਹਿੱਸੇ ਦਾ ਪਿਛੋਕੜ ਵਿਖਾਣਾ ਹੋਵੇ, ਪੂਰੀ ਦੀ ਪੂਰੀ ਇਸ ਹਾਲੀਵੁਡ ਦੇ ਸਟੂਡੀਉ ਵਿਚ ਬਣਾਈ ਜਾ ਸਕਦੀ ਹੈ। ਹਾਲੀਵੁਡ ਆਪਣੇ ਆਪ ਵਿਚ ਤਕਨੀਕੀ ਪ੍ਰਾਪਤੀ ਦਾ ਸਿਖਰ ਜਾਪਦਾ ਹੈ। ਡਿਜ਼ਨੀਲੈਂਡ (ਡਿਜ਼ਨੀ ਦਾ ਇਕ ਸੁਪਨ ਦੇਸ਼) ਵੀ ਲਾਸ ਏਂਗਲਸ ਦੇ ਕੋਲ ਹੈ। ਡਿਜ਼ਨੀ ਇਕ ਫਿਲਮ ਨਿਰਮਾਤਾ ਸੀ, ਜਿਸਨੇ ਪਹਿਲੇ ਪਹਿਲ ਬੱਚਿਆਂ ਲਈ ਜਾਨਵਰਾਂ ਨੂੰ ਪਾਤਰ ਬਣਾਕੇ ਬੜੀਆਂ ਹੀ ਵਧੀਆ ਫਿਲਮਾਂ ਬਣਾਈਆਂ। ਉਹਦੀ ਯਾਦ ਵਿਚ ਹੀ ਇਥੇ ਇਕ ਐਸੀ ਥਾਂ ਉਸਾਰੀ ਗਈ ਹੈ, ਜਿਸ ਵਿਚ ਇਕ ਮੇਲਾ ਲਗਦਾ ਹੈ। ਆਮ ਮੇਲਿਆਂ ਤੋਂ ਵੱਖ ਇਹ ਮੇਲਾ ਕੋਈ ਇਕ ਦਿਨ ਨਹੀਂ ਲਗਦਾ, ਸਗੋਂ ਇਹ ਮੇਲਾ ਸਾਰਾ ਸਾਲ ਲੱਗਿਆ ਰਹਿੰਦਾ ਹੈ। ਇਸ ਮੇਲੇ ਵਿਚ ਹੋਰਨਾਂ ਮੇਲਿਆਂ ਵਾਂਗ ਜਿਥੇ ਕਈ ਕਿਸਮ ਦੇ ਝੂਲੇ ਅਤੇ ਚੱਕਰ ਲਗੇ ਹੋਏ ਹੋਏ ਹਨ, ਉਥੇ ਅੱਠ ਦੱਸ ਦਿਲ ਖਿੱਚਵੇਂ ਸਪੈਸ਼ਲ ਸ਼ੋ ਵੀ ਹੁੰਦੇ ਹਨ। ਮੇਲੇ ਦੀ ਭੀੜ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਜਿੱਸ ਦਿਨ ਅਸੀਂ ਉਥੇ ਗਏ ਤਾਂ ਦੋ ਲੱਖ ਤੀਹ ਹਜ਼ਾਰ ਲੋਕ ਉਸ ਮੇਲੇ ਨੂੰ ਵੇਖਣ ਗਏ। ਤੁਸੀਂ ਇਸ ਮੇਲੇ ਵਿਚ ਜਦੋਂ ਵੱਖ ਵੱਖ ਦਰਵਾਜ਼ਿਆਂ ਤੋਂ ਲੰਘਦੇ ਹੋ ਤਾਂ ਆਪਣੇ ਆਪ ਗਿਣਤੀ ਹੁੰਦੀ ਜਾਂਦੀ ਹੈ, ਜੋ ਅਲੈਕਟਰੋਨ ਸਾਧਨਾਂ ਨਾਲ ਸਾਹਮਣੇ ਸਕਰੀਨ ਤੇ ਆਂਦੀ ਜਾਂਦੀ ਹੈ। 17 ਡਾਲਰ ਪ੍ਰਤੀ ਜੀਵ ਇਹ ਮੇਲਾ ਵੇਖਣ ਦੀ ਟਿਕਟ ਹੈ। ਇਕ ਚੰਗੇ ਦੇਸ਼ ਦਾ ਸਾਲਾਨਾ ਬਜਟ ਇਸ ਮੇਲੇ ਦੇ ਬਜਟ ਦੇ ਨੇੜੇ ਤੇੜੇ ਹੈ। ਇਸ ਮੇਲੇ ਵਿਚ ਅਸੀਂ ਸੱਤ ਸ਼ੋ ਵੇਖੇ। ਇਕ ਵਿਚ ਸਮੁੰਦਰ ਦੇ ਥੱਲੇ ਦੀ ਜ਼ਿੰਦਗੀ ਸੀ। ਰਾਕਟਾਂ ਰਾਹੀਂ ਸੱਤ ਅਸਮਾਨਾਂ ਪਾਰ ਸਪੇਸ ਵਿਚ ਗਏ, ਸਮੁੰਦਰ ਦੇ ਥੱਲੇ ਪਹਾੜੀ ਸੁਰੰਗਾਂ ਵੇਖੀਆਂ ਜਿਥੇ ਕਿਸੇ ਵੇਲੇ ਸਮੁੰਦਰੀ ਡਾਕੂ ਰਹਿੰਦੇ ਸਨ। ਡਾਕੂ ਜਹਾਜ਼ ਕਿਸਤਰ੍ਹਾਂ ਲੁੱਟਦੇ ਸਨ— ਸਾਰਾ ਅਮਲ ਕੰਪਿਊਟਰ ਰਾਹੀਂ ਕੰਟਰੋਲ ਕੀਤੇ ਪਾਤਰਾਂ ਰਾਹੀਂ ਇਕ ਵੱਡੇ ਡਰਾਮੇ ਦੀ ਸ਼ਕਲ ਵਿਚ ਵਿਖਾਇਆ ਗਿਆ। ਗਾਉਂਦੇ ਹੋਏ ਜਾਨਵਰਾਂ ਦਾ ਵੀ ਇਕ ਸ਼ੋ ਵੇਖਿਆ। ਇਕੋ ਲੈਅ ਵਿਚ ਸਾਜ਼ ਫੜੀ ਉਹ ਗਾ ਰਹੇ ਸਨ। ਵੱਖ ਵੱਖ ਦੇਸ਼ਾਂ ਦੇ ਗੁੱਡੀ-ਪਟੋਲੇ ਉਹਨਾਂ ਦੇ ਨਾਲ ਸ਼ਾਮਿਲ ਸਨ। ਇਸ ਡਿਜ਼ਨੀ ਲੈਂਡ ਵਿਚ ਜਾ ਕੇ ਹਰ ਕੋਈ ਇਸੇ ਤਰ੍ਹਾਂ ਮਹਿਸੂਸ ਕਰਦਾ ਹੈ ਕਿ ਉਹ ਵਾਕਈ ਕਿਸੇ ਸੁਪਨਿਆਂ ਦੇ ਦੇਸ਼ ਵਿਚ ਆ ਗਿਆ ਹੈ, ਕੰਪਿਊਟਰ ਟੈਕਨਾਲੋਜੀ ਦੀਆਂ ਸਾਰੀਆਂ ਸੰਭਾਵਨਾਵਾਂ ਨੂੰ ਇਹ ਸੁਪਨਮਈ ਦੇਸ਼ ਉਸਾਰਨ ਵਿਚ ਪੂਰੀ ਤਰ੍ਹਾਂ ਵਰਤਿਆ ਗਿਆ ਹੈ। ਇਥੇ ਆ ਕੇ ਇਹ ਵੀ ਅਹਿਸਾਸ ਹੁੰਦਾ ਹੈ ਕਿ ਦੁਨੀਆਂ ਕਿਥੇ ਦੀ ਕਿਥੇ ਪੁੱਜ ਗਈ ਹੈ ਤੇ ਅਸੀਂ ਕਿਹੜੇ ਫਜ਼ੂਲ ਗੇੜਾਂ ਵਿਚ ਪਏ ਹੋਏ ਹਾਂ।

**ਮੈਕਸੀਕੋ ਦੇਸ਼, ਇਕ ਹੋਰ ਅਹਿਸਾਸ :** ਜਿਸ ਦਿਨ ਡਿਜ਼ਨੀ ਦਾ ਸੁਪਨਮਈ ਦੇਸ਼ ਵੇਖਿਆ, ਉਸੇ ਦਿਨ ਅਮਰੀਕਾ ਦਾ ਬਾਰਡਰ ਪਾਰ ਕਰਕੇ ਮੈਕਸੀਕੋ ਦਾ ਇਕ ਬਾਰਡਰ ਤੇ ਵੱਸਦਾ ਸ਼ਹਿਰ ਵੇਖਿਆ, ਜੋ ਬਾਰਡਰ ਤੋਂ ਸੌ ਗਜ਼ ਦੀ ਵਿੱਥ ਤੇ ਹੀ ਸ਼ੁਰੂ ਹੋ ਜਾਂਦਾ ਹੈ। ਇਹ ਸੌ ਗਜ਼ ਦਾ ਫਾਸਲਾ ਹੀ ਦੋ ਕਿਸਮ ਦੀ ਦੁਨੀਆ ਦਾ ਤੁਹਾਨੂੰ ਅਹਿਸਾਸ ਦਿਵਾ ਦੇਂਦਾ ਹੈ। ਮੈਕਸੀਕੋ ਦੇ ਲੋਕ ਸਾਡੇ ਲੋਕਾਂ ਵਾਂਗ ਹੀ ਗ਼ਰੀਬ ਲਗਦੇ ਸਨ। ਬੱਚੇ ਗਲੀਆਂ ਵਿਚ ਖੇਡ ਰਹੇ ਸਨ, ਉਹਨਾਂ ਲਈ ਕੋਈ ਪਾਰਕ ਨਹੀਂ ਸਨ। ਫੁੱਟ ਪਾਥਾਂ ਤੇ ਖਾਣ ਪੀਣ ਵਾਲੀਆਂ ਚੀਜ਼ਾਂ ਦੀਆਂ ਰੇੜ੍ਹੀਆਂ ਲੱਗੀਆਂ ਹੋਈਆਂ ਸਨ ਤੇ ਨਾਲ ਹੀ ਜ਼ਮੀਨ ਤੇ ਹੀ ਵੱਖ ਵੱਖ ਚੀਜ਼ਾਂ ਦੇ ਸਟਾਲ ਲੱਗੇ ਹੋਏ ਸਨ। ਸੜਕਾਂ ਟੁੱਟੀਆਂ ਹੋਈਆਂ ਸਨ। ਪੁਲਸ ਵੀ ਸਾਡੇ ਦੇਸ਼ ਵਾਂਗ ਫਿਰ ਰਹੀ ਸੀ ਤੇ ਉਹਨਾਂ ਦੀ ਵਡੀ ਸਰਗਰਮੀ ਇਹੋ ਸੀ ਕਿ ਉਹ ਲੋਕਾਂ ਨੂੰ ਡਰਾ ਧਮਕਾ ਕੇ ਪੈਸੇ ਬਟੋਰੇ। ਇਹ

ਫਰਕ ਕਿਉਂ ਹੈ ? ਦਸਿਆ ਜਾਂਦਾ ਹੈ ਕਿ ਕੈਲੀਫੋਰਨੀਆ ਕਿਸੇ ਵੇਲੇ ਮੈਕਸੀਕੋ ਦਾ ਹੀ ਇਕ ਹਿੱਸਾ ਸੀ ਤੇ ਇਸ ਉਤੇ ਚਾਲਾਕੀ ਨਾਲ ਇਕ ਸੌਦਾ ਕਰਕੇ ਅਮਰੀਕਾ ਦਾ ਕਬਜ਼ਾ ਕੀਤਾ ਗਿਆ। ਇਕ ਪਾਸੇ ਅੰਤਾਂ ਦਾ ਵਿਕਾਸ ਹੋਇਆ ਤੇ ਦੂਜਾ ਪਾਸਾ ਉਸੇ ਤਰ੍ਹਾਂ ਗਰੀਬ ਦਾ ਗਰੀਬ ਰਿਹਾ। ਇਸਦਾ ਕਾਰਨ ਬਰਨਾਰਡ ਸ਼ਾਅ ਦੇ ਇਕ ਨਾਟਕ ਦੇ ਚੁਟਕਲੇ ਵਿਚੋਂ ਮਿਲਦਾ ਹੈ। ਇਹ ਚੁਟਕਲਾ ਇਕ ਨਾਟਕੀ ਵਾਰਤਾਲਾਪ ਦੇ ਰੂਪ ਵਿਚ ਹੈ।

ਮੋਟਾ ਬੰਦਾ—(ਇਕ ਸੁਕੇ ਸੜੇ ਬੰਦੇ ਨੂੰ ਵੇਖਕੇ) ਤੇਰੀ ਸ਼ਕਲ ਤੋਂ ਇਸ ਤਰ੍ਹਾਂ ਲਗਦਾ ਹੈ ਕਿ ਤੂੰ ਕਾਲ ਦਾ ਮਾਰਿਆ ਹੋਇਆ ਏਂ।

ਪਤਲਾ ਬੰਦਾ—ਤੇ ਤੇਰੀ ਸ਼ਕਲ ਤੋਂ ਇਸਤਰ੍ਹਾਂ ਲਗਦਾ ਏ ਕਿ ਤੂੰ ਹੀ ਸਾਰਾ ਕੁਝ ਖਾ ਕੇ ਕਾਲ ਪਾਇਆ ਹੋਇਆ ਏ।

ਇਕ ਪਾਸੇ ਮੇਲਿਆਂ ਦੀ ਸ਼ਕਲ ਵਿਚ ਕ੍ਰੋੜਾਂ ਰੁਪਿਆਂ ਦਾ ਖਰਚ ਤੇ ਦੂਜੇ ਪਾਸੇ ਭੁੱਖੇ ਮਰਦੇ ਲੋਕ, ਇਸ ਚੁਟਕਲੇ ਦੀ ਸਚਾਈ ਦਾ ਜੀਂਦਾ ਜਾਗਦਾ ਸਬੂਤ ਹਨ।

**ਬਦੇਸ਼ਾਂ ਵਿਚ ਫੌਜੀ ਸਿਖਲਾਈ** : ਕੈਲੀਫੋਰਨੀਆ ਦੀ ਧਰਤੀ ਵਿਚ ਕਿਸੇ ਕਿਸਮ ਦਾ ਹਥਿਆਰ ਰੱਖਣ ਦੀ ਕੋਈ ਮਨਾਹੀ ਨਹੀਂ। ਬੰਦੂਕਾਂ, ਰਵੌਲਾਂ ਪਿਸਤੌਲਾਂ ਆਦਿਕ ਆਮ ਘਰਾਂ ਵਿਚ ਹਨ। ਹਥਿਆਰ ਚਲਾਉਣੇ ਜਾਂ ਸਿਖਣ ਲਈ ਜਾਂ ਹੋਰ ਬੰਬ ਆਦਿਕ ਬਨਾਉਣ ਦੀ ਜੇਕਰ ਤੁਸੀਂ ਕੋਈ ਸਿਖਲਾਈ ਲੈਣੀ ਹੋਵੇ ਤਾਂ ਪੈਸੇ ਦੇ ਕੇ ਕਿਸੇ ਹੀ ਸਾਬਕਾ ਫੌਜੀ ਕੋਲੋਂ ਲਈ ਜਾ ਸਕਦੀ ਹੈ। ਟਾਇਮ ਬੰਬ ਆਦਿਕ ਬਨਾਉਣ ਲਈ ਹਰ ਇਕ ਤਕਨੀਕੀ ਯੰਤਰ ਆਮ ਮਿਲਦਾ ਹੈ। ਜੂਨ ਦੇ ਨੀਲਾ ਤਾਰਾ ਅਪ੍ਰੇਸ਼ਨ ਦੇ ਬਾਅਦ ਜਿਸ ਵਿਚ ਹਰਮੰਦਰ ਸਾਹਿਬ ਦੇ ਕੰਮਪਲੈਕਸ ਦੀ ਗ਼ਲਤ ਤਰੀਕੇ ਨਾਲ ਤਬਾਹੀ ਕੀਤੀ ਗਈ ਹੈ, ਬਾਹਰ ਦੇ ਦੇਸ਼ਾਂ ਵਿਚ ਰਹਿ ਰਹੇ ਸਿਖਾਂ ਦੇ ਜਜ਼ਬਾਤ ਨੂੰ ਬੜੀ ਠੇਸ ਪੁਚਾਈ ਹੈ, ਭਾਵੇਂ ਉਹ ਖਾਲਿਸਤਾਨੀ ਸਨ ਜਾਂ ਗ਼ੈਰ ਖਾਲਿਸਤਾਨੀ ਸਨ। ਗੁਰਦੁਆਰਿਆਂ ਵਿਚ ਵਡੀ ਗਿਣਤੀ ਵਿਚ ਸ਼ਹੀਦੀ ਫੰਡ ਇਕੱਠਾ ਹੋਇਆ ਹੈ। ਇਸ ਫੰਡ ਦੇ ਜ਼ਰੀਏ ਇਥੋਂ ਦੇ ਜਾਂ ਇਹਨਾਂ ਦਿਨਾਂ ਵਿਚ ਭਾਰਤ ਤੋਂ ਆਏ ਨੌਜਵਾਨ ਹਰ ਕਿਸਮ ਦੀ ਸਿਖਲਾਈ ਕਰ ਸਕਦੇ ਹਨ। ਅਪਣੇ ਦੇਸ਼ ਵਿਚ ਅਖ਼ਬਾਰਾਂ ਵਿਚ ਜਦੋਂ ਖ਼ਬਰਾਂ ਆਂਦੀਆਂ ਹਨ ਕਿ ਅਤਿਵਾਦੀ ਅਮਰੀਕਾ, ਕੈਨੇਡਾ ਵਿਚ ਸਿਖਲਾਈ ਲੈ ਰਹੇ ਹਨ ਤਾਂ ਇਸ਼ ਤਰ੍ਹਾਂ ਲਗਦਾ ਹੈ ਕਿ ਇਹਨਾਂ ਦੇਸ਼ਾਂ ਦੀਆਂ ਸਰਕਾਰਾਂ ਇਹ ਸਿਖਲਾਈ ਕਰਵਾ ਰਹੀਆਂ ਹਨ, ਪਰ ਇਹਨਾਂ ਦੇਸ਼ਾਂ ਦਾ ਜਿਹੜਾ ਰਾਜਸੀ ਢਾਂਚਾ ਹੈ, ਉਸ ਵਿਚ ਪੂਰੀ ਸੰਭਾਵਨਾ ਹੈ ਕਿ ਸਰਕਾਰਾਂ ਦੀ ਜਾਣਕਾਰੀ ਤੋਂ ਬਿਨਾਂ ਵੀ ਇਹ ਸਿਖਲਾਈ ਹੋ ਸਕਦੀ ਹੈ, ਸਿਰਫ ਪੈਸਾ ਚਾਹੀਦਾ ਹੈ ਅਤੇ ਜਿਸ ਤਰ੍ਹਾਂ ਉਤੇ ਦਸਿਆ ਹੈ ਇਹ ਪੈਸਾ ਇਥੇ ਗੁਰਦੁਆਰਿਆਂ ਵਿਚੋਂ ਭਾਰਤ ਵਿਚ ਹੋਏ ਸਿਖਾਂ ਉਤੇ ਹੋਏ ਜ਼ੁਲਮ ਦੀ ਕਹਾਣੀ ਨੂੰ ਦਸਕੇ ਵਡੀ ਗਿਣਤੀ ਵਿਚ ਜਮ੍ਹਾਂ ਕੀਤਾ ਗਿਆ ਹੈ। ਖਾਲਿਸਤਾਨ ਦੇ ਹਾਮੀ ਸਿਖ ਨੌਜਵਾਨ, ਜਿਨ੍ਹਾਂ ਨੂੰ ਇਹ ਟਰੇਨਿੰਗ ਲੈਣ ਦਾ ਮੌਕਾ ਮਿਲਿਆ ਹੈ, ਹਰ ਕਿਸਮ ਦੀ ਕਾਰਵਾਈ ਕਰ ਸਕਦੇ ਹਨ। ਭਾਵੇਂ ਸਬੂਤ ਕੋਈ ਨਹੀਂ ਪਰ ਏਅਰ ਇੰਡੀਆ ਦੇ ਜਹਾਜ਼ ਦੀ ਡਿਗਣ ਦੀ ਵਾਰਦਾਤ ਜਿਸ ਵਿਚ 329 ਬੰਦਿਆਂ ਦੀ ਮੌਤ ਹੋਈ, ਇਹ ਇਥੇ ਖਾਲਿਸਤਾਨ ਦੇ ਹਾਮੀਆਂ ਦੀ ਹੀ ਕਾਰਵਾਈ ਦਸੀ ਜਾਂਦੀ ਹੈ। ਇਥੇ ਇਹਨਾਂ ਦੇ ਇਕ ਬੁਲਾਰੇ ਨੇ ਦੱਬੀ ਜ਼ਬਾਨ ਨਾਲ ਇਹ ਮੰਨਿਆ ਹੈ ਕਿ ਇਹ ਕਾਰਵਾਈ ਭਾਰਤ ਸਰਕਾਰ ਨੂੰ ਜਿੱਚ ਕਰਨ ਲਈ ਕੀਤੀ ਗਈ ਹੈ। ਬੇਗੁਨਾਹ ਲੋਕਾਂ ਦੇ ਮਾਰੇ ਜਾਣ ਬਾਰੇ ਇਹਨਾਂ ਦੀ ਦਲੀਲ ਇਹ ਹੈ ਕਿ ਜੇਕਰ ਹਜ਼ਾਰਾਂ ਬੇਗੁਨਾਹ ਸਿਖ ਮਾਰੇ ਜਾ ਸਕਦੇ ਹਨ ਤਾਂ 329 ਹੋਰ ਲੋਕ ਮਰ ਗਏ ਤਾਂ ਆਖਰ ਕਾਹਦੀ ਆ ਗਈ ? ਉਂਝ ਉਹਨਾਂ ਦੇ ਇਕ ਹੋਰ ਬੁਲਾਰੇ ਨੇ ਜਹਾਜ਼ ਦੀ ਘਟਨਾ ਦੀ ਜ਼ਿਮੇਵਾਰੀ ਲੈਣ ਤੋਂ ਇਨਕਾਰ ਕਰਦਿਆਂ ਹੋਇਆ ਇਸ ਨੂੰ ਭਾਰਤ ਸਰਕਾਰ ਦੀ ਕਿਸੇ ਏਜੰਸੀ ਦੀ ਸ਼ਰਾਰਤ ਆਖੀ ਹੈ ਜੋ ਬਦੇਸ਼ਾਂ ਵਿਚ ਵੀ ਸਿਖਾਂ ਨੂੰ ਬਦਨਾਮ ਕਰਨਾ ਚਾਹੁੰਦੀ ਹੈ। ਸੱਚਾਈ ਤਾਂ ਹੌਲੇ ਹੌਲੇ ਹੀ ਬਾਹਰ ਆਏਗੀ ਪਰ ਇਹ ਸੰਭਾਵਨਾ ਰੱਦ ਨਹੀਂ ਕੀਤੀ ਜਾ ਸਕਦੀ ਕਿ ਇਹ ਕਾਰਵਾਈ ਇਕ ਗਿਣੀ ਮਿਥੀ ਸਕੀਮ ਥੱਲੇ ਕੀਤੀ ਗਈ ਹੈ। ਉਤਲੀ ਜ਼ਿਕਰ ਕੀਤੀ ਸਿਖਲਾਈ ਲਏ ਨੌਜਵਾਨਾਂ ਲਈ ਕੋਈ ਵੀ ਮੁਸ਼ਕਿਲ ਨਹੀਂ ਹੋਵੇਗੀ ਕਿ ਉਹ ਭਾਰਤ ਵਿਚ ਪੁਲ, ਰੇਲ ਗੱਡੀਆਂ ਆਦਿਕ ਉਡਾਉਣ ਦੀ ਕਾਰਵਾਈਆਂ ਕਰਕੇ ਖਾਲਿਸਤਾਨ ਦੇ ਮਸਲੇ ਨੂੰ ਜੀਂਦਾ ਰਖਣ। ਇਹਨਾਂ ਦੀ ਹਰ ਕਾਰਵਾਈ ਭਾਰਤ ਵਿਚ ਖਾਸ ਕਰਕੇ ਪੰਜਾਬ ਤੋਂ ਬਾਹਰ ਰਹਿ ਰਹੇ ਸਿਖਾਂ ਲਈ ਨਵੀਆਂ ਮੁਸੀਬਤਾਂ ਲਿਆ ਸਕਦੀ ਹੈ। ਜਹਾਜ਼ ਡਿੱਗਣ ਤੋਂ ਬਾਅਦ ਕੈਨੇਡਾ ਅਤੇ ਅਮਰੀਕਾ ਵਿਚ ਰਹਿ ਰਹੇ ਸਿਖਾਂ ਲਈ ਰੁਜ਼ਗਾਰ ਲਭਣ ਵਿਚ ਇਹ ਘਟਨਾ ਅੜਿਕਾ ਸਾਬਤ ਹੋ ਰਹੀ ਹੈ। ਜੂਨ ਅਤੇ ਨਵੰਬਰ ਵਿਚ ਹੋਈਆਂ ਵਾਰਦਾਤਾਂ ਨੇ ਸੈਂਕੜੇ ਨੌਜਵਾਨਾਂ ਦੀ ਇਹੋ ਜਹੀ ਮਾਨਸਿਕਤਾ ਬਣਾ ਦਿਤੀ ਹੈ ਕਿ ਨਾ ਹੀ ਉਹ ਅਪਣੀ ਜਾਨ ਦੀ ਅਤੇ ਨਾ ਹੀ ਹੋਰਨਾਂ ਦੀ ਜਾਨ ਦੀ ਪ੍ਰਵਾਹ ਕਰਨਗੇ। ਉਹਨਾਂ ਦਾ ਇਕੋ ਨਿਸ਼ਾਨਾ ਹੋਵੇਗਾ ਕਿ ਮਾਮਲਾ ਠੰਢਾ ਨਾ ਪਵੇ। ਇਸ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ ਕਿ ਰਾਜਸੀ ਸਮਝੌਤੇ ਹੋਣ ਦੇ ਬਾਅਦ ਵੀ ਹਾਲੇ ਪੰਜਾਬ ਦੇ ਲੋਕਾਂ ਨੂੰ ਕਾਫੀ ਦੇਰ ਤਕ ਇਸ ਸੰਤਾਪ ਦੇ ਦੌਰ ਵਿਚੋਂ ਲੰਘਣਾ ਪੈਣਾ ਹੈ।

**ਭੁੱਖ ਨਹੀਂ ਬਹੁਤੇ ਰੱਜੇ ਹੋਣ ਦਾ ਸੰਕਟ ਹੈ :**

ਕੈਲੀਫੋਰਨੀਆ ਜਿਸ ਸਾਥੀ ਦੇ ਘਰ ਰਹੇ ਹਾਂ, ਉਹਦੇ ਸੌਗੀ ਬਨਾਉਣ ਵਾਲੇ ਅੰਗੂਰਾਂ ਦੇ ਫਾਰਮ ਹਨ। ਉਹਨੇ ਦਸਿਆ ਹੈ ਕਿ ਪਿਛਲੇ ਸਾਲ ਪੈਦਾਵਾਰ ਬਹੁਤੀ ਹੋਣ ਕਰਕੇ ਅਤੇ ਮਾਰਕਿਟ ਥੋੜੀ ਹੋਣ ਕਰਕੇ ਸੌਗੀ ਦਾ ਸਟਾਕ ਬਹੁਤ ਜਮ੍ਹਾਂ ਹੋਇਆ ਹੈ, ਇਸ ਲਈ ਮਾਰਕਿਟ ਦਾ ਰੇਟ ਕਿਧਰੇ ਘੱਟ ਨਾ ਜਾਏ, ਜਿਹੜੇ ਇਥੋਂ ਦੇ ਵਪਾਰੀਆਂ ਦਾ ਸੰਗਠਨ ਹੈ, ਉਹਨਾਂ ਨੇ ਫਾਰਮ ਵਾਲਿਆਂ ਨੂੰ ਕਿਹਾ ਹੈ ਕਿ ਉਹਨਾਂ ਨੂੰ ਪਿਛਲੇ ਸਾਲ ਦੀ ਪੈਦਾਵਾਰ ਜਿੰਨੇ ਪੈਸੇ ਘਰ ਬੈਠਿਆਂ ਹੀ ਮਿਲ ਜਾਣਗੇ। ਉਹਨਾਂ ਨੇ ਸੌਗੀ ਨਹੀਂ ਬਨਾਉਣੀ ਤੇ ਖੜੀ ਹੋਈ ਅੰਗੂਰਾਂ ਦੀ ਫਸਲ ਬੂਟਿਆਂ ਤੇ ਹੀ ਛਾਇਆ ਕਰ ਦੇਣੀ ਹੈ। ਸਮੁੱਚੀ ਦੁਨੀਆ ਦੇ ਪ੍ਰਸੰਗ ਵਿਚ ਵੇਖੀਏ ਤਾਂ ਇਹ ਬੜਾ ਅਜੀਬ ਲਗਦਾ ਹੈ ਕਿ ਇਕ ਪਾਸੇ ਲੋਕ ਭੁੱਖੇ ਮਰਦੇ ਹੋਣ ਤੇ ਦੂਜੇ ਪਾਸੇ ਮਾਰਕਿਟ ਨੂੰ ਬਰਾਬਰ ਰੱਖਣ ਲਈ ਖੜੀਆਂ ਫਸਲਾਂ ਸਾੜ ਦਿਤੀਆਂ ਜਾਣ। ਅਪਣੇ ਦੇਸ਼ ਨਾਲ ਮੁਕਾਬਲਾ ਕਰੀਏ ਤਾਂ ਇਥੇ ਭੁੱਖ ਦਾ ਸੰਕਟ ਨਹੀਂ ਸਗੋਂ ਬਹੁਤੇ ਰੱਜੇ ਹੋਣ ਦਾ ਸੰਕਟ ਹੈ।

**ਬਦੇਸ਼ਾਂ ਵਿਚ ਨੌਜਵਾਨਾਂ ਲਈ ਸੁੱਖ ਨਾਲੋਂ ਧੱਕੇ ਬਹੁਤੇ ਹਨ :** ਆਪਣੇ ਦੇਸ਼ ਵਿਚ ਨੌਜਵਾਨਾਂ ਵਿਚ ਬਾਹਰਲੇ ਦੇਸ਼ਾਂ ਵਿਚ ਜਾਣ ਦਾ ਇਕ ਝੱਲ ਜਿਹਾ ਹੈ। ਕੈਲੀਫੋਰਨੀਆ ਵਿਚ ਮੈਨੂੰ ਪੰਜਾਬ ਦੇ ਬੜੇ ਪੜ੍ਹੇ ਲਿਖੇ ਨੌਜਵਾਨ ਮਿਲੇ ਹਨ, ਜੋ ਅਮਰੀਕਾ ਵਿਚ ਗੈਰ ਕਾਨੂੰਨੀ ਸ਼ਹਿਰੀ ਰਹਿ ਕੇ ਆਪਣੀ ਜ਼ਿੰਦਗੀ ਗੁਜ਼ਾਰ ਰਹੇ ਹਨ। ਉਹਨਾਂ ਕੋਲ ਪਾਸਪੋਰਟ ਵਗੈਰਾ ਨਹੀਂ ਤੇ ਉਹ ਮੈਕਸੀਕੋ ਦਾ ਬਾਰਡਰ ਗੈਰ ਕਾਨੂੰਨੀ ਤਰੀਕੇ ਨਾਲ ਪਾਰ ਕਰਕੇ ਅਮਰੀਕਾ ਵਿਚ ਦਾਖਲ ਹੋਏ ਹਨ। ਇਹ ਦਾਖਲ ਹੋਣ ਦੀ ਕਹਾਣੀ ਹਰ ਇਕ ਦੀ ਅੱਪਣੀ ਅਪਣੀ ਹੈ, ਪਰ ਇਕ ਗੱਲ ਸਾਂਝੀ ਹੈ ਕਿ ਇਸ ਅਮਲ ਵਿਚ ਬਹੁਤ ਤਕਲੀਫ ਤੇ ਜ਼ਲਾਲਤ ਵੀ ਸਹਿਣੀ ਪੈਂਦੀ ਹੈ। ਇਹ ਬਹੁਤ ਲੋਕ ਡੁਬਈ ਜਾਂ ਜਿਸਨੂੰ ਖਾੜੀ ਦੇਸ਼ (Gulf Countries) ਕਹਿੰਦੇ ਹਨ, ਉਥੋਂ ਆਏ ਹਨ। ਇਹਨਾਂ ਵਿਚ ਬਹੁਤ ਸਾਰੇ ਕਿਸੇ ਵੇਲੇ ਪੀ. ਐਸ. ਯੂ. ਨਾਲ ਵੀ ਸੰਬਧ ਰਖਦੇ ਸਨ ਤੇ ਉਹਨਾਂ ਨੇ ਕਿਸੇ ਨਾ ਕਿਸੇ ਵੇਲੇ ਕਾਲਜ ਵਿਚ ਮੇਰੇ ਨਾਟਕ ਵੇਖੇ ਹੋਏ ਹਨ। ਇਹ ਨੌਜਵਾਨ ਬਾਰਡਰ ਪਾਰ ਕਰਨ ਲਗਿਆਂ ਮੀਲਾਂ ਬੱਧੀ ਗੰਦੇ ਨਾਲਿਆਂ ਵਿਚ ਚਲਦੇ ਹਨ। ਏਜੈਂਟਾਂ ਕੋਲੋਂ ਠੱਗੇ ਜਾਂਦੇ ਹਨ। ਕਾਰਾਂ ਦੀ ਡਿੱਕੀਆਂ ਵਿਚ ਕਈ ਕਈ ਘੰਟੇ ਸਾਮਾਨ ਵਾਂਗੂ ਲੱਦੇ ਜਾਂਦੇ ਹਨ। ਸਾਹ ਵੀ ਘੁੱਟ ਸਕਦਾ ਹੈ। ਇਹਨਾਂ ਦੀ ਸੰਤਾਪ ਦੀ ਜ਼ਿੰਦਗੀ ਫੇਰ ਸ਼ੁਰੂ ਹੋਂਦੀ ਹੈ। ਡਾਲਰ ਕਮਾਉਣ ਲਈ ਇਹਨਾਂ ਨੂੰ ਘਟੀਆ ਤੋਂ ਘਟੀਆ ਕੰਮ ਕਰਨਾ ਪੈਂਦਾ ਹੈ। ਇਕ ਇਕ ਕਰਕੇ ਜਦੋਂ ਡਾਲਰ ਜਮ੍ਹਾਂ ਕੀਤੇ ਜਾਂਦੇ ਹਨ ਤਾਂ ਇਥੋਂ ਦੀ ਸ਼ਹਿਰੀਅਤ ਲੈਣ ਵਾਸਤੇ (ਇਸਨੂੰ ਗਰੀਨ ਕਾਰਡ ਕਹਿੰਦੇ ਹਨ) ਉਹਨਾਂ ਨੂੰ ਜਾਅਲੀ ਵਿਆਹ ਕਰਨੇ ਪੈਂਦੇ ਹਨ। ਇਥੇ ਇਹੋ ਜਹੀਆਂ ਪੇਸ਼ਾਵਰ ਔਰਤਾਂ ਮਿਲ ਜਾਂਦੀਆਂ ਹਨ, ਜੋ ਪੈਸੇ ਲੈਕੇ ਵਿਆਹ ਕਰਦੀਆਂ ਹਨ ਤੇ ਗਰੀਨ ਕਾਰਡ ਮਿਲਣ ਤੋਂ ਬਾਅਦ ਤਲਾਕ ਦੇ ਦੇਂਦੀਆਂ ਹਨ। ਕਈ ਕਿਸਮ ਦੇ ਧੋਖੇ ਵੀ ਹੋ ਸਕਦੇ ਹਨ ਪਰ ਇਹ ਸਾਰੇ ਕੰਮ ਏਜੈਂਟਾਂ ਰਾਹੀਂ ਹੁੰਦੇ ਹਨ, ਜੋ ਅਪਣੀ ਫੀਸ ਲੈਂਦੇ ਹਨ। ਇਹੋ ਗਰੀਨ ਕਾਰਡ ਮਿਲਣ ਤੋਂ ਬਾਅਦ ਫੇਰ ਡਾਲਰ ਜਮ੍ਹਾਂ ਕਰਨ ਦਾ ਦੂਜਾ ਦੌਰ ਸ਼ੁਰੂ ਹੁੰਦਾ ਹੈ। ਜਦੋਂ ਦੇਸ਼ ਜਾਣ ਲਈ ਰਕਮ ਜਮ੍ਹਾਂ ਹੋ ਜਾਂਦੀ ਹੈ ਤਾਂ ਫੇਰ ਜਾਕੇ ਵਿਆਹ ਕਰਵਾਕੇ ਜਾਂ ਜੇ ਪਹਿਲੇ ਟੱਬਰ ਹਨ, ਉਹਨਾਂ ਨੂੰ ਲਿਆਕੇ ਸਾਧਾਰਨ ਜ਼ਿੰਦਗੀ ਸ਼ੁਰੂ ਹੁੰਦੀ ਹੈ। ਇਸ ਸਾਰੇ ਅਮਲ ਵਿਚ ਜ਼ਿੰਦਗੀ ਦੇ ਬੇਹਤਰੀਨ ਸਾਲ ਗੁਜ਼ਰ ਜਾਂਦੇ ਹਨ। ਇਕੱਲੇਪਨ ਵਿਚ ਇਕ ਔਖੀ ਜ਼ਿੰਦਗੀ ਗੁਜ਼ਾਰਦੇ ਕਈ ਕਿਸਮ ਦੀਆਂ ਗਲਤ ਆਦਤਾਂ ਵੀ ਪੈ ਜਾਂਦੀਆਂ ਹਨ, ਜੋ ਜ਼ਿੰਦਗੀ ਭਰ ਪਿੱਛਾ ਨਹੀਂ ਛਡਦੀਆਂ। ਇਹਨਾਂ ਨੌਜਵਾਨਾਂ ਨਾਲ ਗੱਲ ਕਰਦਿਆਂ ਉਹਨਾ ਵਿਚੋਂ ਇਕ ਨੇ ਮੈਨੂੰ ਇਹ ਸੁਨੇਹਾ ਦਿਤਾ ਹੈ ਕਿ ਜਦੋਂ ਮੈਂ ਦੇਸ਼ ਜਾਵਾਂ ਤਾਂ ਲੋਕਾਂ ਨੂੰ ਤੇ ਖਾਸ ਕਰਕੇ ਨੌਜਵਾਨਾ ਨੂੰ ਦਸਾਂ ਕਿ ਜਦੋਂ ਕੋਈ ਬਾਹਰੋਂ ਆਇਆ ਬਾਈ ਸੂਟ ਬੂਟ ਪਾ ਕੇ, ਹੱਥ ਵਿਚ ਸਟੀਰੀਓ ਫੜੀ ਪਿੰਡ ਆਕੇ ਟੈਕਸੀ ਵਿਚੋਂ ਉਤਰੇ ਤਾਂ ਇਹ ਨਾ ਸਮਝਣਾ ਕਿ ਪ੍ਰਦੇਸਾਂ ਵਿਚ ਬੜੀ ਐਸ਼ ਹੈ। ਬਾਹਰ ਤੁਰੇ ਗਏ ਨੌਜਵਾਨਾਂ ਲਈ ਵੀ ਇਹ ਸੁਨਿਹਾ ਹੈ ਕਿ ਅਪਣੇ ਲੋਕਾਂ ਨੂੰ ਅਪਣੇ ਬਾਰੇ ਸਹੀ ਹਾਲਤ ਦਸਣ : ਉਹ ਜਾਣਦਾ ਹੈ ਕਿ ਅਪਣੇ ਦੇਸ਼ ਵਿਚ ਵੀ ਨੌਜਵਾਨਾਂ ਲਈ ਕੋਈ ਭਵਿਖ ਨਹੀਂ। ਇਥੇ ਜ਼ਿੰਦਗੀ ਨੂੰ ਸੋਹਣਾ ਬਣਾਉਣ ਲਈ ਇਕ ਲੰਮੇ ਸੰਘਰਸ਼ ਦੀ ਦੀ ਜ਼ਰੂਰਤ ਹੈ। ਸਾਨੂੰ ਇਥੇ ਉਹਦਾ ਸੁਨਿਹਾ ਹੈ ਕਿ ਅਪਣੇ ਦੇਸ਼ ਵਿਚ ਰਹਿਕੇ ਸੰਘਰਸ਼ ਕਰਨਾ ਚਾਹੀਦਾ ਹੈ। ਇਥੋਂ ਨੱਸਕੇ ਜਾਣਾ ਸਮੁੱਚੀ ਜ਼ਿੰਦਗੀ ਲਈ ਲਾਹੇਵੰਦ ਨਹੀਂ।

**ਸਾਨੂੰ ਜੀਣ ਦਿਓ :** ਕੈਲੀਫੋਰਨੀਆ ਦੇ ਸ਼ਹਿਰ ਬਰਕਲੇ ਵਿਚ ਜਦੋਂ ਨਾਟਕਾਂ ਦਾ ਪ੍ਰੋਗਰਾਮ ਹੋਣਾ ਸੀ, ਉਹ ਐਤਵਾਰ ਦਾ ਦਿਨ ਸੀ। ਨਾਟਕ ਵਾਲੇ ਹਾਲ ਦੇ ਸਾਹਮਣੇ ਸੜਕ ਦੇ ਪਾਰ ਇਕ ਪਾਰਕ ਵਿਚ ਯੂਨੀਵਰਸਟੀ ਦੇ ਮੁੰਡੇ ਕੁੜੀਆਂ ਅਤੇ ਹੋਰ ਸ਼ਹਿਰੀ ਵੀ ਇਕੱਠੇ ਹੋਏ ਸਨ। ਉਹ ਮਨੁੱਖੀ ਅਧਿਕਾਰਾਂ ਦੇ ਬਾਰੇ ਇਕ ਰੈਲੀ ਕਰ ਰਹੇ ਸਨ। ਇਹ ਰੈਲੀ ਆਪਣੇ ਹੀ ਤਰੀਕੇ ਦੀ ਸੀ। ਦੁਪਹਿਰ ਦਾ ਵਕਤ ਸੀ। ਸਟੇਜ ਉਤੇ ਸੰਗੀਤ ਵਜ ਰਿਹਾ ਸੀ।

ਗੀਤ ਵੀ ਗਾਏ ਜਾ ਰਹੇ ਸਨ। ਲੋਕ ਪਾਰਕ ਵਿਚ ਬੈਠੇ ਖਾ ਪੀ ਰਹੇ ਸਨ। ਨੰਗੇ ਪਿੰਡੇ ਧੁੱਪ ਸੇਕ ਰਹੇ ਸਨ। ਗੜ੍ਹਿਆਂ ਉਤੇ ਮੋਟੋ ਲਿਖੇ ਹੋਏ ਸਨ। ਇਹ ਹੱਸਦੇ ਖੇਡਦੇ ਲੋਕ ਇਕ ਮੰਤਵ ਲਈ ਇਕੱਠੇ ਹੋਏ ਸਨ, 'ਇਹ ਮੰਤਵ ਸੀ "ਸਾਨੂੰ ਜੀਣ ਦਿਓ" "ਸਾਡੀ ਜ਼ਿੰਦਗੀ ਵਿਚ ਦਖ਼ਲ ਨਾ ਦਿਓ" "ਧਰਤੀ ਨੂੰ ਨਿਊਕਲਰ ਕਿਰਨਾਂ ਨਾਲ ਪਲੀਤ ਨਾ ਕਰੋ" ਇਹ ਧਰਤੀ ਜੀਣ ਲਈ ਹੈ, ਮੌਤ ਲਈ ਨਹੀਂ ਹੈ "ਨਿਊਕਲਾਈ ਬਾਹਵਾਂ ਨਾਲ ਬੱਚਿਆਂ ਨੂੰ ਕਲਾਵੇ ਵਿਚ ਨਹੀਂ ਲਿਆ ਜਾ ਸਕਦਾ।" 'ਨਿਕਾਰਗੋ ਤੇ ਪੀਰੂ ਤੋਂ ਅਪਣੀਆ ਫੌਜਾਂ ਵਾਪਸ ਮੰਗਵਾਓ" "ਫੌਜੀ ਡਿਕਟੇਟਰਾਂ ਦੀ ਸਹਾਇਤਾ ਬੰਦ ਕਰੋ" "ਮਨੁੱਖ ਹਰ ਥਾਂ ਇਕੋ ਜਿਹੇ ਹਨ।" "ਆਪ ਵੀ ਜੀਵੇ ਤੇ ਦੂਜਿਆਂ ਨੂੰ ਜੀਣ ਦੇਵੋ" "ਮਨੁੱਖ ਦਾ ਜਮਾਂਦਰੂ ਹੱਕ ਹੈ ਕਿ ਉਹ ਅਪਣੀ ਮਰਜ਼ੀ ਦਾ ਜੀਣਾ ਜੀਵੇ" ਸਰਕਾਰਾਂ ਬਣਾਈਆਂ ਜਾਂਦੀਆਂ ਹਨ ਕਿ ਉਹ ਮਨੁੱਖ ਨੂੰ ਚੰਗਾ ਜੀਣ ਲਈ ਸਹੂਲਤਾਂ ਦੇਣ ਨਾ ਕਿ ਮਨੁੱਖ ਦੀ ਜ਼ਿੰਦਗੀ ਨੂੰ ਔਖਿਆਂ ਕਰਨ" "ਨਸ਼ੇ ਪੁਲੀਸ ਜਬਰ ਨਾਲ ਨਹੀਂ, ਸਮਾਜਕ ਆਲਾ ਦੁਆਲਾ ਬਦਲਣ ਨਾਲ ਬੰਦ ਕੀਤੇ ਜਾ ਸਕਦੇ ਹਨ।" 'ਦੁਨੀਆ ਭਰ ਦੇ ਲੋਕਾਂ ਦੀ ਮਨੁੱਖਤਾ ਜ਼ਿੰਦਾਬਾਦ' ਇਸੇ ਦਿਨ ਸਵੇਰੇ ਏਅਰ ਇੰਡੀਆ ਜਹਾਜ਼ ਵੀ ਡਿਗਿਆ ਸੀ (ਮੈਨੂੰ ਹਾਲੀ ਇਸ ਦੀ ਖਬਰ ਨਹੀਂ ਸੀ)। ਇਕ ਵਿਦਿਆਰਥੀ ਨੇ ਮੈਨੂੰ ਪੁਛਿਆ "ਕੀ ਤੁਸੀਂ ਸਿੱਖ ਹੋ ? (Are you a Sikh ?) ਮੈਂ ਜਵਾਬ ਦਿੱਤਾ 'ਮੈਂ ਇਕ ਮਨੁੱਖ ਹਾਂ ਉਹਨੇ ਖੁਸ਼ੀ ਨਾਲ ਤਾਲੀ ਵਜਾਈ ਤੇ ਉਹਦਾ ਚਿਹਰੇ ਦਾ ਪ੍ਰਭਾਵ ਕਹਿੰਦਾ ਸੀ ਕਿ ਤੁਸੀਂ ਵੀ ਸਾਡੇ ਵਿਚੋਂ ਇਕ ਹੋ ਕਿਉਂਕਿ ਮਨੁੱਖ ਹਰ ਥਾਂ ਇਕੋ ਹਨ। ਅਮਰੀਕਾ ਸਰਕਾਰ ਦੀਆਂ ਭਾਵੇਂ ਕੋਈ ਵੀ ਪਾਲਸੀਆਂ ਹੋਣ ਪਰ ਅਮਰੀਕਾ ਦੇ ਸਧਾਰਨ ਲੋਕ ਦੂਜਿਆਂ ਦੀ ਜ਼ਿੰਦਗੀ ਵਿਚ ਦਖ਼ਲ ਦਿਤੇ ਬਗ਼ੈਰ ਅਮਨ ਦੀ ਜ਼ਿੰਦਗੀ ਗੁਜ਼ਾਰਨਾ ਚਾਹੁੰਦੇ ਹਨ। ਮੈਨੂੰ ਦਸਿਆ ਗਿਆ ਕਿ ਅਮਰੀਕਾ ਜਦੋਂ ਵੀਅਤਨਾਮ ਵਿਚ ਜਾਰਹਾਨਾ ਕਾਰਵਾਈਆਂ ਕਰ ਰਿਹਾ ਸੀ ਤਾਂ ਬਰਕਲੇ ਯੂਨੀਵਰਸਟੀ ਜੰਗ ਵਿਰੋਧੀ ਕਾਰਵਾਈਆਂ ਦਾ ਕੇਂਦਰ ਸੀ। ਕਰਤਾਰ ਸਿੰਘ ਸਰਾਭਾ ਇਸੇ ਯੂਨੀਵਰਸਿਟੀ ਦਾ ਵਿਦਿਆਰਥੀ ਸੀ, ਜਦੋਂ ਉਹ ਗ਼ਦਰ ਲਹਿਰ ਵਿਚ ਸ਼ਾਮਿਲ ਹੋਇਆ ਸੀ। ਬਰਕਲੇ ਵਿਚ ਸਾਡਾ ਨਾਟਕ ਸਮਾਗਮ ਬੜਾ ਕਾਮਯਾਬ ਸਮਾਗਮ ਹੋਇਆ ਸੀ, ਪਰ ਮੈਨੂੰ ਬਰਕਲੇ ਸ਼ਹਿਰ ਦੀ ਫੇਰੀ ਉਹ ਹੱਸਦਿਆਂ ਗਾਂਦਿਆਂ ਚਿਹਰਿਆਂ ਕਰਕੇ ਵੀ ਯਾਦ ਰਹੇਗੀ, ਜਿਨ੍ਹਾਂ ਦੀ ਹਰ ਮੁਸਕਾਨ ਇਹ ਸੁਨਿਹਾ ਦੇ ਰਹੀ ਸੀ **'ਮਨੁੱਖ ਅਸੀਂ ਸਭ ਇਕੋ ਹਾਂ, ਇਹ ਧਰਤੀ ਜੀਣ ਲਈ ਹੈ, ਸਾਨੂੰ ਜੀਣ ਦਿਓ।"**

**A Day After (ਇਕ ਦਿਨ ਬਾਅਦ) ਇਕ ਯਾਦਗਾਰੀ ਫਿਲਮ**—ਇਹ ਫਿਲਮ ਅਮਰੀਕਾ ਵਿਚ ਬਣਾਈ ਗਈ ਹੈ ਅਤੇ ਉਹ ਨਕਸ਼ਾ ਪੇਸ਼ ਕਰਦੀ ਹੈ ਜਦੋਂ ਕਿਸੇ ਸੰਸਾਰ ਯੁੱਧ ਵਿਚ ਨਿਊਕਲਾਈ ਬੰਬ ਫਟੇਗਾ। ਦੁਨੀਆਂ ਭਰ ਦੇ ਲੋਕ ਇਕ ਮਾਰੂ ਅੱਗ ਵਿਚ ਝੁਲਸ ਜਾਣਗੇ। ਥਾਂ ਥਾਂ ਤੇ ਫਿਲਮ ਵਿਚ ਇਕ ਸੁਨਿਹਾ ਹੈ 'ਅਸੀਂ ਜੋ ਦੂਜਿਆਂ ਨੂੰ ਮਾਰਨ ਲਈ ਕਾਰਵਾਈਆ ਕਰਦੇ ਹਾਂ, ਮੱਤ ਭੁਲੀਏ ਕਿ ਅਸੀਂ ਆਪਣੀ ਮੌਤ ਵੀ ਸਹੇੜ ਰਹੇ ਹਾਂ। ਇਹ ਬੰਬ ਜੇ ਰੂਸ ਵਲ ਉਹਨਾਂ ਨੂੰ ਤਬਾਹ ਕਰਨ ਲਈ ਤੁਰ ਪਿਆ ਹੈ ਤਾਂ ਉਥੋਂ ਵੀ ਇਕ ਬੰਬ ਸਾਨੂੰ ਤਬਾਹ ਕਰਨ ਲਈ ਤੁਰ ਪਿਆ ਹੋਣਾ ਹੈ।' ਇਕ ਟੱਬਰ ਦੀ ਕਹਾਣੀ ਬੜੀਆਂ ਸੂਖਮ ਮਨੁੱਖੀ ਛੁਹਾਂ ਨਾਲ ਪੇਸ਼ ਕੀਤੀ ਗਈ ਹੈ। ਆਪਣੇ ਫਾਰਮ ਵਿਚ ਉਹ ਟੱਬਰ ਸੁਖੀ ਵੱਸ ਰਿਹਾ ਹੈ। ਉਹਨਾਂ ਦੇ ਸੁਪਨੇ ਵਿਚ ਹੀ ਨਹੀਂ ਕਿ ਉਹਨਾਂ ਦੇ ਨੇੜੇ ਬੰਜਰ ਜ਼ਮੀਨ ਵਿਚ ਜੋ ਫੌਜੀ ਆਉਂਦੇ ਹਨ, ਅਸਲ ਵਿਚ ਉਹ ਧਰਤੀ ਦੇ ਥੱਲੇ ਬਣੇ ਹੋਏ ਇਕ ਐਸੇ ਫੌਜੀ ਅੱਡੇ ਤੇ ਆਉਂਦੇ ਹਨ, ਜਿਥੇ ਰਾਕਟ ਚਲਾਉਣ ਦੀ ਸਾਰੀ ਖੁਫੀਆ ਮਸ਼ੀਨਰੀ ਲੱਗੀ ਹੋਈ ਹੈ। ਇਸ ਫਿਲਮ ਵਿਚ ਨਿਊਕਲਾਈ ਜੰਗ ਦੀ ਭਿਆਨਕਤਾ ਵਿਖਾਈ ਗਈ ਹੈ। ਇਹ ਬਾਕੀ ਦੁਨੀਆਂ ਨੂੰ ਡਰਾਉਣ ਲਈ ਨਹੀਂ, ਸਗੋਂ ਲੋਕਾਂ ਵਿਚ ਇਕ ਜਾਗ੍ਰਿਤੀ ਲਿਆਉਣ ਲਈ ਹੈ ਕਿ ਤੁਸੀਂ ਬਾਰੂਦ ਦੀ ਢੇਰੀ ਤੇ ਬੇਖਬਰ ਬੈਠੇ ਹੋਏ ਹੋ, ਤੁਸੀਂ ਖਬਰਦਾਰ ਹੋਵੋ, ਆਪਣੀਆਂ ਸਰਕਾਰਾਂ ਨੂੰ ਮਜਬੂਰ ਕਰੋ ਕਿ ਉਹ ਆਪਣੇ ਝੂਠੇ ਵਕਾਰ ਪਿਛੇ ਦੁਨੀਆਂ ਨੂੰ ਤਬਾਹ ਕਰਨ ਦੀਆਂ ਕਾਰਵਾਈਆਂ ਬੰਦ ਕਰਨ। ਅਮਰੀਕਾ ਵਰਗੇ ਦੇਸ਼ ਵਿਚ ਇਸ ਫਿਲਮ ਦਾ ਬਣਾਇਆ ਜਾਣਾ ਤੇ ਇਹਦੀ ਲੋਕਾਂ ਵਿਚ ਮਕਬੂਲੀਅਤ ਇਹ ਸਾਬਤ ਕਰਦੀ ਹੈ ਕਿ ਸਰਕਾਰਾਂ ਭਾਵੇਂ ਤੀਸਰੀ ਜੰਗ ਦੀਆਂ ਤਿਆਰੀਆਂ ਵਿਚ ਲੱਗੀਆਂ ਹੋਈਆਂ ਹਨ, ਪਰ ਸੰਸਾਰ ਭਰ ਵਿਚ ਲੋਕਾਂ ਦੀ ਜਾਗ੍ਰਿਤੀ ਇਸ ਜੰਗ ਨੂੰ ਰੋਕਣ ਵਿਚ ਜ਼ਰੂਰ ਸਫਲ ਹੋਏਗੀ।

**ਪਾਕਿਸਤਾਨ : ਫੌਜੀ ਤਾਨਾਸ਼ਾਹੀ ਦਾ ਦੇਸ਼ :** ਭਾਰਤ ਵਿਚ ਤਾਨਾਸ਼ਾਹੀ ਰਾਜ ਦਾ ਤਜਰਬਾ ਸਾਨੂੰ ਨਿੱਤ ਦਿਨ ਹੁੰਦਾ ਹੈ, ਪਰ ਇੰਗਲੈਂਡ ਦੀਆਂ ਅਖਬਾਰਾਂ ਵਿਚ ਜੋ ਪਾਕਿਸਤਾਨ ਦੇ ਅੰਦਰ ਦੀਆਂ ਖ਼ਬਰਾਂ ਛਪਦੀਆਂ ਹਨ, ਉਹ ਦਸਦੀਆਂ ਹਨ ਕਿ ਪਾਕਿਸਤਾਨ ਇਸ ਵੇਲੇ ਐਸਾ ਫੌਜੀ ਤਾਨਾਸ਼ਾਹੀ ਦਾ ਮੁਲਕ ਹੈ, ਜਿਸ ਵਿਚ ਬੁਨਿਆਦੀ ਮਨੁੱਖੀ ਅਧਿਕਾਰ ਅਤੇ ਰਾਜਸੀ ਆਜ਼ਾਦੀ ਬਿਲਕੁਲ ਖਤਮ ਕਰ ਦਿੱਤੀ ਗਈ ਹੈ। ਇਹਨਾਂ ਖ਼ਬਰਾਂ ਤੋਂ ਇਲਾਵਾ ਲੰਡਨ ਵਿਚ ਤੁਹਾਨੂੰ ਬਹੁਤ ਸਾਰੇ ਪਾਕਿ-ਸਤਾਨੀ ਮਿਲਦੇ ਹਨ ਜੋ ਆਪਣੇ ਮੁਲਕ ਵਿਚ ਹੋ ਰਹੇ

ਫੌਜੀ ਜਬਰ ਦੀਆਂ ਕਹਾਣੀਆਂ ਸੁਣਾਂਦੇ ਹਨ। ਲੰਡਨ ਦੀ ਦੀ ਪ੍ਰਸਿਧ ਅਖਬਾਰ ਗਾਰਡੀਅਨ ਵਿਚ 20 ਜੁਲਾਈ ਦੇ ਅੰਕ ਵਿਚ ਮਾਈਕਲ ਸਾਇਮਨ ਨਾਂ ਦੇ ਪੱਤਰਕਾਰ ਨੇ ਖਬਰ ਦਿੱਤੀ ਹੈ: ਪ੍ਰੈਜ਼ੀਡੈਂਟ ਜ਼ੀਆ ਦੀਆਂ ਕਾਲੀਆਂ ਕਰਤੂਤਾਂ ਦਸਦਿਆਂ ਹੋਇਆਂ ਇਕ ਦਸਤਾਵੇਜ਼ ਇਸਲਾਮਾਬਾਦ ਵਿਚ ਵੀ ਅਤੇ ਲੰਡਨ ਵਿਚ ਵੀ ਪੜ੍ਹਣ ਦਾ ਮੌਕਾ ਮਿਲਿਆ ਹੈ। ਦਸਿਆ ਗਿਆ ਹੈ ਕਿ ਜ਼ਿਆ ਦਾ ਇਹ ਫੌਜੀ ਰਾਜ ਇਸ ਮੁਲਕ ਦੇ ਇਤਿਹਾਸ ਵਿਚ ਸਾਰਿਆਂ ਨਾਲੋਂ ਜਾਬਰ ਰਾਜ ਹੈ ਜਿਥੇ ਸਿਆਸੀ ਵਿਰੋਧੀਆਂ ਨੂੰ ਭਿਆਨਕ ਤਸੀਹੇ ਦੇ ਕੇ ਖਤਮ ਕੀਤਾ ਜਾਂਦਾ ਹੈ। ਇਸ ਵੇਲੇ ਪਾਕਿਸਤਾਨ ਦੀਆਂ ਜੇਲ੍ਹਾਂ ਵਿਚ 600 ਸੋ ਤੋਂ ਵੱਧ ਸਿਆਸੀ ਕੈਦੀ ਤਸੀਹਾ ਭਰੀ ਜ਼ਿੰਦਗੀ ਭੋਗ ਰਹੇ ਹਨ ਜਦੋਂ ਕਿ ਪਾਕਿਸਤਾਨ ਦੀ ਸਰਕਾਰ ਇਹ ਗਿਣਤੀ ਸਿਰਫ ਸੱਤ ਦਸਦੀ ਹੈ। Amensty International ਜੋ ਮਨੁੱਖੀ ਅਧਿਕਾਰਾਂ ਦੀ ਰਖਵਾਲੀ ਲਈ ਇਕ ਅੰਤਰਰਾਸ਼ਟਰੀ ਸੰਸਥਾ ਹੈ, ਉਹਦੀ ਤਫਤੀਸ਼ 600 ਤੋਂ ਵੱਧ ਸਿਆਸੀ ਕੈਦੀਆਂ ਦੀ ਪੁਸ਼ਟੀ ਕਰਦੀ ਹੈ ਅਤੇ ਪਾਕਿਸਤਾਨ ਸਰਕਾਰ ਦੇ ਦਾਅਵੇ ਨੂੰ ਝੂਠ ਕਹਿੰਦੀ ਹੈ। ਇਹ ਸੰਸਥਾ ਇਥੋਂ ਤੱਕ ਵੀ ਕਹਿੰਦੀ ਹੈ ਕਿ ਸਰਕਾਰ ਆਪਣੇ ਲੋਕਾਂ ਨੂੰ ਅਤੇ ਸੰਸਾਰ ਭਰ ਦੇ ਲੋਕਾਂ ਨੂੰ ਜਿਸ ਝੂਠ ਨਾਲ ਗੁਮਰਾਹ ਕਰ ਰਹੀ ਹੈ, ਇਸਦੀ ਮਿਸਾਲ ਲੱਭਣੀ ਮੁਸ਼ਕਿਲ ਹੈ। ਇਹ ਖਬਰ ਪੜ੍ਹਕੇ ਅਤੇ ਆਪਣੇ ਦੇਸ਼ ਵਿਚ ਸਰਕਾਰੀ ਸਾਧਨਾਂ ਰਾਹੀਂ ਜੋ ਝੂਠ ਪਰਚਾਰਿਆ ਜਾਂਦਾ ਹੈ, ਉਹਦੇ ਤਜਰਬੇ ਤੋਂ ਇਹ ਲਗਦਾ ਹੈ ਕਿ ਹਕੂਮਤਾਂ ਦੇ ਹੱਥਾਂ ਵਿਚ ਪ੍ਰਚਾਰ-ਸਾਧਨ ਇਕ ਐਸਾ ਮਾਰੂ ਹਥਿਆਰ ਹਨ ਜਿਨ੍ਹਾਂ ਨਾਲ ਉਹ ਲੋਕਾਂ ਦੀ ਸੰਘਰਸ਼ ਕਰਨ ਦੀ ਦ੍ਰਿੜਤਾ ਨੂੰ ਹੌਲੇ ਹੌਲੇ ਖਤਮ ਕਰਦੇ ਹਨ। ਭਾਰਤ ਵਿਚ ਇਹ ਸਭ ਕੁਝ ਜਮਹੂਰੀਅਤ ਦੇ ਨਾਂ ਥੱਲੇ ਕੀਤਾ ਜਾਂਦਾ ਹੈ ਅਤੇ ਪਾਕਿਸਤਾਨ ਵਿਚ ਇਸਲਾਮੀ ਸ਼ਰੀਅਤ ਦੇ ਨਾਂ ਥੱਲੇ ਕੀਤਾ ਜਾਂਦਾ ਹੈ। ○

---

ਕਹਾਣੀ

## ਮਾਈਨਸ ਵਿਆਜ

**ਜਿੰਦਰ**

ਜੇਠ ਦੇ ਆਖਰੀ ਦਿਨ ਦੀ ਹੁੰਮਸ ਭਰੀ ਸ਼ਾਮ ਨੂੰ ਪੱਛਮ ਵੱਲ ਸਹਿਕਦਾ ਜਾ ਰਿਹਾ ਸੂਰਜ ਦਾ ਲਹੂ-ਰੰਗ ਗੋਲ ਲਗਭਗ ਅਲਵਿਦਾ ਕਹਿਣ ਜਾ ਰਿਹਾ ਸੀ ਤੇ ਨਾਲ ਹੀ ਮੰਗੀ ਨੇ ਵੀ ਅੱਜ ਦੀ ਦਿਹਾੜੀ ਖ਼ਤਮ ਕਰਦਿਆਂ ਕਰਦਿਆਂ ਰੰਬਾ ਵੱਟ 'ਚ ਖਬੋਇਆ, ਬਾਹਰ ਖਿਚਿਆ ਤੇ ਵਟ ਤੇ ਪਏ ਇੱਟ ਦੇ ਟੋਟੇ ਤੇ ਜ਼ੋਰ ਨਾਲ ਮਾਰਿਆ। ਥੋੜੀ ਲਾਗੇ ਲੱਗੀ ਗਿੱਲੀ ਮਿੱਟੀ ਨੂੰ ਦੂਜੀ ਉਂਗਲ ਨਾਲ ਪੂੰਝਿਆਂ। ਦੂਰ ਪਿੰਡ ਵੱਲ ਜਾਂਦੇ ਰਾਹ ਵੱਲ ਦੇਖਿਆ। ਮਨਜੀਤ ਕਿਤੇ ਵੀ ਨਹੀਂ ਸੀ ਦਿਸ ਰਿਹਾ। ਉਸਨੂੰ ਤਾਂ ਮਨਜੀਤ ਕਹਿ ਕੇ ਗਿਆ ਸੀ ਕਿ ਉਹ ਦਿਨ ਛਿਪਦਿਆਂ ਕਰਦਿਆਂ ਤੀਕ ਜ਼ਰੂਰ ਮੋਟਰ ਵੱਲ ਗੇੜਾ ਮਾਰਨ ਆਊਗਾ। ਚਾਹ ਦਾ ਭਰਿਆ ਡੋਲੂ ਮਨਜੀਤ ਦਾ ਗਬਲਾ ਮੁੰਡਾ ਜੈਲਾ ਲੈ ਕੇ ਆਇਆ ਸੀ। ਉਸ ਪੁਛਿਆ ਤਾਂ ਜੈਲੇ ਨੇ ਦਸਿਆ "ਡੈਡੀ ਤਾਂ ਦੁਪਹਿਰ ਦਾ ਘਰ ਨਹੀਂ ਆਇਆ।

"ਤੇਰੀ ਮੰਮੀ ਨੂੰ ਪਤਾ ਹੋਣਾ" ਉਸ ਸ਼ਰਾਰਤ ਨਾਲ ਜੈਲੇ ਤੋਂ ਪੁਛਿਆ ਸੀ।

"ਚਾਚਾ ਉਹਨੂੰ ਵੀ ਦਸ ਕੇ ਨਹੀਂ ਗਿਆ"

"ਫੇਰ ਟਿਬੇ ਆਲੀ ਮੋਟਰ ਵੱਲ ਤਾਂ ਨਹੀ ਗਿਆ।

"ਪਤਾ ਨਹੀਂ"

ਜੈਲਾ ਚਲਾ ਗਿਆ ਸੀ ਤੇ ਉਹ ਉਡੀਕਦਾ ਰਿਹਾ ਸੀ ਇਹ ਪੁਛਣ ਲਈ ਬਈ ਕੱਲ ਨੂੰ ਦਿਹਾੜੀ ਲਗਾਉਣੀ ਆਂ ਕਿ ਨਹੀਂ। ਉਂਝ ਉਸਨੂੰ ਪਤਾ ਸੀ ਕਿ ਮਿਰਚਾਂ ਦੇ ਪੰਜ ਕਿਆਰੇ ਗੁੱਡਣ ਵਾਲੇ ਪਏ ਨੇ ਤੇ ਇਹ ਦੋ ਦਿਹਾੜੀਆਂ ਨਾਲੋਂ ਕਿਤੇ ਜ਼ਿਆਦਾ ਕੰਮ ਹੈ ਕੱਲੇ ਬੰਦੇ ਦਾ। ਮਸਾਂ ਮਰ ਘੁਲ ਕੇ ਦਿਨ 'ਚ ਦੋ ਕਿਆਰੇ ਗੁੱਡੇ ਜਾਂਦੇ ਹਨ। ਨਾਲੇ ਐਤਕੀਂ ਕੱਖ ਵੀ ਜ਼ਿਆਦਾ ਹੋ ਗਿਆ ਸੀ। ਉਪਰੋਂ ਥੱਲੀ ਦੇ ਮੀਂਹ ਪਏ ਸਨ ਕਿਆਰੇ ਭਰਤੇ, ਮਿਰਚਾਂ ਦੇ ਮੁਾੜਕੂ ਜਿਹੇ ਬੂਟਿਆਂ ਨੂੰ ਮੋਖੇ ਤੇ ਮਦਾਨੇ ਦਿਆਂ ਜਾਗੜਾਂ ਨੇ ਕੱਸ ਕੇ ਆਪਣੀ ਬੁੱਕਲ ਚੋਂ ਬਾਹਰ ਨਹੀਂ ਸੀ ਜਾਣ ਦਿੱਤਾ। ਕੇਸਾਂ ਨੂੰ ਉਸ ਖੋਲ੍ਹਿਆ ਸਿਰ ਨੂੰ ਘੁਮੇਟਣੀ ਦੇ ਕੇ ਵਾਲਾਂ ਵਿਚੋਂ ਦੀ ਹਵਾ ਆਰ ਪਾਰ ਕਰਾਈ, ਮਿੱਟੀ ਮਿੱਟੀ ਹੋਈਆਂ ਉਂਗਲਾਂ ਨਾਲ ਵਾਲਾਂ ਨੂੰ ਇਕਠਿਆਂ ਕਰ ਗੁੱਟਾ ਬੰਨ੍ਹਿਆਂ ਤੇ ਧਾਣੀ ਪਾਣੀ ਹੋਇਆ ਸਾਫ਼ਾ ਸਿਰ ਤੇ ਲਪੇਟ ਲਿਆ। ਕੱਛਾਂ 'ਚ ਪੋਲਾ ਪੋਲਾ ਹੱਥ ਫੇਰੇ ਉਤਾਂਹ ਨੂੰ ਕਰਕੇ ਮਾੜਾ ਮੋਟਾ ਮੁੜ੍ਹਕਾ ਸੁਕਾਇਆ। ਮੁੜ੍ਹਕੇ ਨਾਲ ਕੱਛਾਂ 'ਚ ਲਾਲ 2 ਉਭਾਰ ਪੈਂਦਾ ਹੋ ਗਏ ਸਨ ਇਉਂ ਜਿਵੇਂ ਮੀਂਹ ਪੈਣ ਤੋਂ ਬਾਦ ਗਿਲੀ ਮਿੱਟੀ ਉਪਰ ਲਾਲ ਲਾਲ ਜੀਵ ਬਹੁਟੀਆਂ ਤੁਰਦੀਆਂ ਫਿਰਦੀਆਂ ਹੁੰਦੀਆਂ ਹਨ। ਗਲੋਂ ਕਮੀਜ਼ ਲਾਹੀ, ਝਾੜੀ, ਤਾਂ ਉਸਦੇ ਮਨ ਵਿਚ ਵਿਚਾਰ ਆਇਆ ਕਿ ਉਹ ਦੂਰ ਚਲਦੀ ਪਾਲ ਕੀ ਮੋਟਰ 'ਚ ਚੁਭੀ ਮਾਰ ਲਵੇ ਪਰ ਭੁੱਖੀ ਗਾਂ ਦਾ ਚੇਤਾ ਆਉਂਦਿਆਂ ਹੀ, ਉਸ ਕਮੀਜ਼ ਪਾਉਣ ਦੀ ਕੀਤੀ। ਕੁੱਛੇ ਦੇ ਪਹੁੰਚਿਆਂ 'ਚ ਪਏ ਵਲਾਂ ਨੂੰ ਕਢਿਆ ਤੇ ਸੌੜਾਂ 'ਚ ਖਾਜ ਕਰਨ ਲਗਾ। ਇਕ ਵਾਰ ਫੇਰ ਉਸ ਰਾਹ ਵੱਲ ਦੇਖਿਆ-ਮਨਜੀਤ ਦਾ

ਕੋਈ ਥੋਹ ਪਤਾ ਨਹੀਂ ਸੀ ਲੱਗਾ ਉਸਨੂੰ। ਤੇੜ ਦੀ ਡੱਬੀਆਂ ਵਾਲੀ, ਸੌਹਰਿਆਂ ਤੋਂ ਆਈ ਕਿਸੇ ਵੇਲੇ ਦੀ ਚਾਦਰ 'ਚ ਉਸ ਮੂੰਖਾ ਇਕ ਪਾਸੇ ਸੁੱਟ ਮਦਾਨੋ ਦੀ ਵਾਹ-ਵਾ ਸਾਰੀ ਢੇਰ ਪਾਈ ਤੇ ਰੰਬਾ ਕੱਛ 'ਚ ਦੇ ਤੇ ਮਗਰੀ ਲਾ ਪਿੰਡ ਵੱਲ ਨੂੰ ਹੋਰ ਤੁਰਿਆ।

"ਮੰਗੀ...ਉਏ ਮੰਗੀ" ਲੰਬੜਾਂ ਦੇ ਖੂਹ ਪਾਸਿਉਂ ਕੇਸਰ ਹਾਕਾਂ ਮਾਰਨ ਲੱਗਾ।

"ਕੀ...ਆ.. ਉਏ ਕੁਤਿਆਂ ਝੀਰਾ" ਉਸ ਤੁਰੇ-2 ਜਾਂਦਿਆਂ ਈ ਪੁਛਿਆ।

"ਆ...ਘਾਹ ਦੀ ਪੰਡ ਨੂੰ ਹੱਥ ਪਵਾਈਂ" ਕੇਸਰ ਨੇ ਤਰਲਾ ਕੱਢਿਆ।

"ਸਾਲਿਆ...ਪੰਡ ਤਾਂ ਪਿਉ ਜਿੱਡੀ ਪਾਈ ਆ... ਚੁੱਕ ਲੈ ਹੁਣ ਗੋਜੇ ਦਾ ਨਾਂ ਲੈ ਕੇ।"

"ਮੈਂ ਤਾਂ ਘੰਟੇ ਦਾ ਰਾਅ ਅਲ ਦੇਖ ਰਿਹਾ ਸੀ... ਸੌਰਾ ਕੋਈ ਦਿਸਿਆ ਈ ਨਹੀਂ"

"ਅੱਛਾ . ਅੱਛਾ . ਚੁੱਕ ਲੈ...ਐਵੇਂ ਨਾ ਬੁੜ-ਬੁੜ ਕਰੀ ਜਾ...ਜਿਹੜਾ ਦੁੱਧ ਹੁੰਦਾ ਉਹ ਤਾਂ ਲੈ ਜਾਂਦਾ ਵਿੰਦੀ ਦੋਜੀ ਸ਼ਹਿਰ ਨੂੰ...ਪਿਛੋਂ ਖੋਤਦੇ ਆ...ਪਤੰਦਰ ਐਡੀਆਂ ਐਡੀਆਂ ਪੰਡਾਂ...ਕੋਈ ਇਹਨੂੰ ਪੁੱਛਣ ਆਲਾ ਹੋਵੇ.. ਬਈ ...ਐਡੀ ਪੰਡ ਚੁੱਕਣ ਲਈ ਹੱਡਾਂ 'ਚ ਜਾਨ ਵੀ ਹੋਣੀ ਚਾਹੀਦੀ ਆ।"

ਉਸ ਕੇਸਰ ਨਾਲ ਹੱਥ ਪਵਾਇਆ। ਕੇਸਰ ਵਾਲਾ ਪਾਸਾ ਥੱਲੇ ਈ ਰਹਿ ਗਿਆ ਤੇ ਉਸ ਵਾਲਾ ਪਾਸਾ ਜ਼ਿਆਦਾ ਈ ਉਤਾਂਹ ਚੁਕਿਆ ਗਿਆ।

"ਮੰਗਿਆ.. ਜ਼ਰਾ ਹੌਲੀ ਹੌਲੀ.. ਸੰਭਲ ਕੇ..." ਕੇਸਰ ਨੇ ਪੰਡ ਥੱਲੇ ਰੱਖ ਕੇ ਫੇਰ ਚੁੱਕੀ।

"ਜੇ ਖੜ ਕੇ ਨਹੀਂ ਚੁੱਕ ਹੁੰਦੀ ਤਾਂ ਬੈਠ ਕੇ ਈ ਚੁੱਕ" ਉਸ ਕੇਸਰ ਨੂੰ ਡੌਲਿਆਂ ਤੋਂ ਫੜ ਕੇ ਸਮਝਾਇਆ।

"ਨਹੀਂ...ਮਾਰ ਹੱਲਾ" ਕੇਸਰ ਨੇ ਪੱਲੀ ਦੀਆਂ ਗੁੱਠਾਂ ਨੂੰ ਕਰੜਾ ਹੱਥ ਪਾਉਂਦਿਆਂ ਕਿਹਾ ਤੇ ਪੰਡ ਕੇਸਰ ਦੇ ਸਿਰ ਤੇ ਸੀ।

ਤੁਰੇ ਤੁਰੇ ਜਾਂਦੇ ਉਹ ਅਗਲੀਆਂ ਪਿਛਲੀਆਂ ਗੱਲਾਂ ਮਾਰਦੇ ਰਹੇ। ਵਿਚ-2 ਉਹ ਕੇਸਰ ਤੋਂ ਵਾਹਵਾ ਅਗਾਂਹ ਹੋ ਜਾਂਦਾ। ਕੇਸਰ ਉਸ ਨੂੰ ਹਾਕ ਮਾਰ ਕੇ ਹੌਲੀ ਤੁਰਨ ਲਈ ਕਹਿੰਦਾ। ਕਿਉਂਕਿ ਉਸਨੂੰ ਡਰ ਸੀ ਕਿ ਜੇ ਕਿਤੇ ਉਹ ਠੋਕਰ ਖਾ ਕੇ ਡਿੱਗ ਪਿਆ ਤਾਂ ਚੁਕਾਉਣ ਵਾਲਾ ਕੋਈ ਨਹੀਂ ਮਿਲਣਾ ਤੇ ਉਧਰ ਮੰਗੀ ਨੂੰ ਕਾਹਲ ਸੀ ਕਿ ਕਿਹੜੀ ਘੜੀ 'ਨਵੇਂ' ਘਰ' ਚਲੇ ਜਾਵੇ।

o o o

ਗਾਂ ਨੂੰ ਅੱਧੇ ਪੱਠੇ ਝਾੜ ਕੇ ਪਾ ਤੇ ਅੱਧੇ ਚਾਦਰ 'ਚ ਲਪੇਟ ਕੇ ਰੱਖ, ਉਸ ਨਵੇਂ ਘਰ ਦਾ ਦਰਵਾਜ਼ਾ ਖੋਲ੍ਹਿਆ। ਨਵੇਂ ਘਰ ਵੱਲ ਭਰਵੀਂ ਨਜ਼ਰ ਮਾਰਦਿਆਂ ਸਾਰੇ ਦਿਨ ਦੀ ਥਕਾਵਟ ਉਹ ਭੁੱਲ ਗਿਆ।

ਅੰਦਰੋਂ ਮੰਜਾ ਕੱਢ ਕੇ ਉਸ ਬਾਹਰ ਡ੍ਹਾਹਿਆ ਤਾਂ ਉਸਦੀ ਨਜ਼ਰ ਚੌਂਕੇ ਵੱਲ ਚਲੀ ਗਈ। ਲਗਦਾ ਸੀ ਜਿਵੇਂ ਅੱਜ ਜਗੀਰੋ ਨੇ ਅੱਗ ਨਹੀਂ ਬਾਲੀ ਸੀ ਪਰ ਉਸ ਇਕ ਨਵਾਂ ਓਟਾ ਉਸਾਰਿਆ ਹੋਇਆ ਸੀ। ਇੱਟਾਂ ਦਾ। ਉਪਰਲੇ ਪਾਸੇ ਮੋਰਨੀਆਂ ਬਣਾਈਆਂ ਹੋਈਆਂ ਸਨ। ਦੋ। ਇਕ ਦੂਜੇ ਵੱਲ ਚੁੰਝਾਂ ਕਰੀ ਖੜੀਆਂ। ਹੇਠਾਂ ਪੰਜ ਬੋਤਲਾਂ ਲਗਾਈਆਂ ਸਨ। ਬੋਤਲਾਂ ਦੇ ਸਿਰ ਲੁਕੇ ਹੋਏ ਸਨ. ਤੇ ਨਾਲ ਈ ਅੱਧੇ ਕੁ ਲੱਕ ਵੀ। ਫੇਰ ਹੇਠਾਂ ਕਬੂਤਰ ਬਣਾਏ ਸਨ। ਉਡਣ ਨੂੰ ਕਰਦੇ-2। ਸਭ ਤੋਂ ਥੱਲੇ ਕਿੰਨੀਆਂ ਈ ਨਿੱਕੀਆਂ-2 ਉਡਦੀਆਂ ਚਿੜੀਆਂ। ਫੇਰ ਮੋਰੀਆਂ...ਠਿੱਕ ਸੁਕ ਰੱਖਣ ਲਈ। ਪੋਰੇ ਦੀ ਨੁਹਾਰ ਵੱਖਰੀ ਸੀ।

"ਵਾਹ ਨੀ ਜਗੀਰੋ" ਹੌਂਸਲੇ ਨਾਲ ਤੇ ਮੀਠਾਕਾਰੀ ਦੀ ਦਾਦ ਦੇਂਦਿਆਂ,. ਉਹ ਹੋਰ ਚੌੜਾ ਹੋ ਕੇ ਬੈਠ ਗਿਆ ਤੇ ਆਲੇ ਦੁਆਲੇ ਦੇਖਣ ਲੱਗਾ। ਸੌ ਕੁ ਘਰਾਂ ਦੀ ਬਣੀ ਇਸ ਕਾਲੋਨੀ 'ਚ ਸਜੇ ਮਜ਼ਬੀਆਂ ਤੇ ਅਧਰਮੀਆਂ ਦੇ ਵੀਹ ਬਾਈ ਘਰ ਮਸਾਂ ਆਏ ਸਨ। ਉਸ ਦੇ ਨਵੇਂ ਘਰ ਲਾਗਲੇ ਲਗਦੇ ਘਰ ਬਹੁਤੇ ਤਾਂ ਖ਼ਾਲੀ ਸਨ ਪਏ। ਕਵਾਟਰ ਅਲਾਟ ਤਾਂ ਹੋ ਚੁਕੇ ਸਨ. ਪਰ ਅਜੇ ਘਰ ਨਹੀਂ ਸਨ ਬਣੇ। ਲੱਖ ਲੱਖ ਸ਼ੁਕਰ ਬਣਾਇਆ ਸੀ ਉਸ ਮਨਜੀਤ ਦਾ। ਨਹੀਂ ਤਾਂ ਉਸ ਵਿਚਾਰੇ ਦੀ ਕਿਸ ਸੁਣਨੀ ਸੀ। ਕਵਾਟਰ ਸੌ ਸਨ ਤੇ ਮੰਗਣ ਵਾਲੇ ਏਦੂੰ ਕਿਤੇ ਚੌਣੇ ਪਚੌਣੇ। ਲੋਕਾਂ ਦੇ ਢੂਏ ਤੀਕ ਜ਼ੋਰ ਲਗ ਗਏ ਸਨ ਪਰ ਗੱਲ 'ਸੰਪਰਕਾਂ' ਨੇ ਈ ਬਣਾਈ ਸੀ। ਉਸ ਮਨਜੀਤ ਦਾ ਮਿਨਤ-ਤਰਲਾ ਕੀਤਾ ਸੀ ਤੇ ਮਨਜੀਤ ਨੇ ਪੈਂਦਿਆਂ ਈ ਹਾਂ ਕਰ ਦਿੱਤੀ ਸੀ ਤੇ ਨਾਲ ਈ ਕਿਹਾ ਸੀ "ਬਾਦ 'ਚ ਮੇਰਾ ਚੇਤਾ ਨਾ ਭੁਲਾ ਦਈਂ"

"ਇਹ ਕਿੱਦਾਂ ਹੋ ਸਕਦਾ...ਭਾਊ" ਉਸਦਾ ਤਾਂ ਮਨਜੀਤ ਦੇ ਪੈਰੀਂ ਪੈਣ ਨੂੰ ਚਿੱਤ ਕਰ ਆਇਆ ਸੀ।

ਉਸਦੇ ਹਿੱਸੇ ਦਾ ਸੌ ਰੁਪਿਆ ਵੀ ਮਨਜੀਤ ਨੇ ਆਪ ਈ ਜਮ੍ਹਾਂ ਕਰਾ ਦਿੱਤਾ ਸੀ। ਬੱਸ ਉਸ ਤਾਂ ਅੰਗੂਠਾ ਲਾਇਆ ਸੀ।

ਚੌਥੇ ਪੰਜਵੇਂ ਦਿਨ ਉਸਨੂੰ ਮਨਜੀਤ ਨੇ ਘਰ ਸੱਦਿਆ ਸੀ ਤੇ ਇਕ ਕਾਗਜ਼ ਫੜਾਉਂਦਿਆਂ ਪੁਛਿਆ ਸੀ "ਬੁੱਝ ਤਾਂ ਕੀ ਆ ?"

"ਭਾਊ...ਮੈਨੂੰ ਕੀ ਪਤਾ...ਤੂੰ ਈ ਦਸ ਦੇ"

"ਨਹੀਂ...ਤੂੰ ਬੁੱਝ"

"ਮੈਨੂੰ ਕੀ ਪਤਾ...ਆਂ ਚਿੱਟੇ ਜਿਹੇ ਕਾਗਜ਼ ਤੇ ਕੁਝ ਲਿਖਿਆ"

"ਲਿਖਿਆ ਨਹੀਂ ਛਪਿਆ...ਪਤਾ ਕੀ ਆ ?"

"ਨਹੀਂ"

"ਤੇਰੀ ਕਿਸਮਤ"

"ਮੇਰੀ ਕਿਸਮਤ"

"ਆਹੋ"

"ਭਾਂਊ...ਸਿੱਧੀ ਗੱਲ ਦਸ" ਉਸ ਦਾ ਚਿੱਤ ਠਾਂਅ-ਉਤਾਂਹ ਹੋ ਰਿਹਾ ਸੀ।

"ਤੈਨੂੰ ਸਰਕਾਰੀ ਕਵਾਟਰ ਮਿਲ ਗਿਆ ਕਾਲੋਨੀ 'ਚ।"

"ਸੱਚੀ"

ਕਾਗਜ਼ ਲੈ ਉਹ ਘਰ ਫ਼ੁੱਲ ਦੌੜ ਪਿਆ ਸੀ। ਜਗੀਰੋ ਪੌੜੀ ਤੇ ਚੜੀ ਦਲਾਨ ਦੀ ਕੰਧ ਲਿਪ ਰਹੀ ਸੀ ਤੇ ਉਸ ਜਗੀਰੋ ਨੂੰ ਪਿੱਛੋਂ ਜੱਫੀ ਪਾ ਕੇ ਹੇਠਾਂ ਖਿੱਚ ਲਿਆ ਸੀ ਤੇ ਮਿੱਟੀ ਨਾਲ ਨੱਕੋ ਨੱਕ ਭਰਿਆ ਲੁਹਾਂਡਾ ਚੁੱਕ ਕੇ ਪਰੇ ਮਾਰਿਆ ਸੀ।

"ਅੜਿਆ ਕੀ ਗੱਲ ਆ?" ਜਗੀਰੋ ਸਿੱਧਾ ਈ ਉਸਦੇ ਮੂੰਹ ਵੱਲ ਦੇਖ ਰਹੀ ਸੀ ਕਿਵੇਂ ਖੁਸ਼ੀ ਨਾਲ ਉਸ ਦੀਆਂ ਗੱਲ੍ਹਾਂ 'ਚ ਖੂਨ ਆ ਗਿਆ ਸੀ ਜਿਸਮ ਦਾ।

"ਆਪਾਂ ਨੂੰ ਕਾਲੋਨੀ 'ਚ ਕਵਾਟਰ ਮਿਲ ਗਿਆ"

ਮੂੰਹ-ਹੱਥ ਧੋ ਕੇ ਜਗੀਰੋ ਨੇ ਚਾਹ ਰੱਖ ਦਿੱਤੀ ਸੀ ਤੇ ਉਹ ਨਾਲ ਲਗਦੀ ਰਾਮ ਦਿੱਤੇ ਦੀ ਦੁਕਾਨ ਤੋਂ ਲੋਧੀ ਕੋਲੋਂ ਕਾਗਜ਼ ਪੜ੍ਹਾਉਣ ਚਲੇ ਗਿਆ ਸੀ।

ਲੋਧੀ ਨੇ ਪੜ੍ਹ ਕੇ ਦਸਿਆ ਸੀ ਮੋਟਾ-2 "ਮੰਗਤ ਰਾਮ ਸਪੁਤਰ ਗੰਗਾ ਰਾਮ...ਵਾਸੀ ਮਲਸੀਆ—ਤਹਿਸੀਲ ਨਕੋਦਰ—ਜ਼ਿਲ੍ਹਾ—ਜਲੰਧਰ—ਜਾਤ ਮਜ਼੍ਹਬੀ—ਕਵਾਟਰ ਨੰ: 45"

"ਹੋਰ" ਉਸ ਪੁੱਛਿਆ ਸੀ।

"ਹੋਰ ਤੋਂ ਤੂੰ ਛਿਕੂ ਲੈਣਾ—ਜਾ ਕੇ ਪੰਤਾਲੀ ਨੰ: ਕਵਾਟਰ ਨੂੰ ਜਿੰਦਾ ਮਾਰ ਲੈ—ਦੂਵਾਂ ਜਿੰਦਾ—ਕੱਲ ਨੂੰ ਮੈਂ ਨਕੋਦਰੋਂ ਲਿਆਦਿਆਂ"

"ਪੁੱਛਦਾਂ—ਜਗੀਰੋ ਨੂੰ" ਘਰ ਵੱਲ ਉਹ ਕਾਹਲੀ ਕਾਹਲੀ ਤੁਰ ਪਿਆ ਸੀ।

ਚਾਹ ਪੀ ਕੇ ਉਹ ਕਵਾਟਰ ਨੂੰ ਦੇਖਣ ਗਏ ਸਨ। ਦੋ ਕਮਰਿਆਂ ਦਾ ਕਵਾਟਰ ਸੀ। ਪੱਕਾ ਕਵਾਟਰ। ਕਵਾਟਰ ਅੱਗੇ ਚੌਂਕੇ-ਚੁੱਲੇ ਲਈ ਜਗ੍ਹਾ ਕਾਫ਼ੀ ਸੀ। ਸਾਫ਼-ਸੁਥਰਾ। ਹਵਾ ਆਉਣ ਲਈ ਇੱਟਾਂ ਦੇ ਰੋਸ਼ਨਦਾਨ ਰੱਖੇ ਸਨ। ਚਮਕਦੀਆਂ ਲਾਲ ਇੱਟਾਂ।

"ਆ ਤਾਂ ਮੌਜਾਂ ਲੱਗ ਗਈਆਂ—ਲਿੱਪਣ ਦਾ ਕਜੀਆ ਮੁੱਕਾ—ਕਲੀ ਕਰਨ ਦੀ ਵੀ ਲੋੜ ਨਹੀਂ" ਜਗੀਰੋ ਕੋਲੋਂ ਚਾਅ ਸਾਂਭਿਆ ਨਹੀਂ ਸੀ ਜਾ ਰਿਹਾ।

ਸ਼ਾਮ ਨੂੰ ਉਹ ਮਨਜੀਤ ਕੋਲੋਂ "ਨਵੇਂ ਘਰ" 'ਚ ਦਾਖਲ ਹੋਣ ਦਾ "ਪਰਮਿਟ" ਲੈਣ ਗਿਆ ਸੀ ਤਾਂ ਮਨਜੀਤ ਨੇ ਕਿਹਾ ਸੀ, "ਤੇਰਾ ਤਾਂ ਚੌਲੀਂ ਸਰ ਗਿਆ —ਮੈਨੂੰ ਈ ਪਤਾ ਕਿਦਾਂ ਤੈਨੂੰ ਕਵਾਟਰ ਦਵਾਇਆ—ਲੋਕੀਂ ਤਾਂ ਜੁੱਤੀਆਂ ਚੱਟਣ ਨੂੰ ਫਿਰਦੇ ਸਨ—ਪਟਵਾਰੀਆਂ ਨੂੰ ਸੌ-ਸੌ ਦੇਣ ਨੂੰ ਤਿਆਰ ਸਨ—ਕਲਰਕਾਂ ਦੇ ਘਰੀਂ ਅੱਡ ਜਾ ਕੇ ਮਿਲੇ ਸਨ ਤੇ ਸੌਹਰਿਆ ਗੱਦਾਂ ਦਿਆ—ਤੂੰ ਤਾਂ ਅੰਗੂਠਾ ਲਾ ਕੇ ਘਰਆਲਾ ਬਣ ਗਿਆ"

"ਸਾਰੀ ਉਮਰ ਲਈ ਤੁਸੀਂ ਮੈਨੂੰ ਖਰੀਦ ਲਿਆ।"

"ਚਾਚਾ—ਵਧਾਈਆਂ ਕਦੋਂ ਦੇਣੀਆਂ—ਫੇਰ?" ਜੈਲੇ ਨੇ ਪੁੱਛਿਆ ਸੀ।

"ਜਦੋਂ ਮਰਜੀ—ਸਭ ਕੁਸ਼ ਤੁਹਾਡਾ ਈਆ"

"ਪਹਿਲਾਂ ਤਾਂ ਪਾਰਟੀ ਮੈਂ ਲੈਣੀ ਆ" ਵਿਚੋਂ ਈ ਮਨਜੀਤ ਬੋਲਿਆ ਸੀ।

ਸਾਰਾ ਦਿਨ ਉਹ ਪੁਰਾਣੇ ਘਰ ਤੋਂ "ਨਵੇਂ ਘਰ" ਤੀਕ ਸਮਾਨ ਦੀ ਢੋਆ-ਢੁਆਈ ਕਰਦੇ ਰਹੇ ਸਨ। ਮਾਂ-ਪਿਉ ਤਾਂ ਛੋਟੇ ਹੁੰਦਿਆਂ ਦੇ ਮਰ ਗਏ ਸਨ ਉਸਦੇ। ਜਦੋਂ ਪਿਉ ਮਰਿਆ ਤਾਂ ਬਰਾਦਰੀ ਵਾਲਿਆਂ ਲਈ ਕਿੰਨੀ ਕੁ ਜਾਇਦਾਦ ਛੱਡ ਗਿਆ ਸੀ। ਘਰ ਦਾ ਸਮਾਨ ਆਮ ਘਰਾਂ ਨਾਲੋਂ ਕੁਸ਼ ਜ਼ਿਆਦਾ ਸੀ। ਨਾਲੇ ਉਸਦੇ ਵਿਆਹ ਹੋਏ ਨੂੰ ਮਸਾਂ ਸਾਲ ਕੁ ਹੋਇਆ ਸੀ ਤੇ ਜਗੀਰੋ ਪੇਕਿਆਂ ਦੇ ਆਉਂਦੀ ਜਾਂਦੀ ਬਹੁਤ ਕੁਸ਼ ਲੈ ਆਉਂਦੀ ਸੀ, ਉਸਦਿਆਂ ਨਾਂਹ ਨਾਂਹ ਕਰਦਿਆਂ ਵੀ।

ਜਗੀਰੋ ਨੇ ਚੁਲੇ-ਭੱਠੀ ਢਾਅ ਕੇ ਵੀ ਇੱਟਾਂ ਰੋੜੇ ਕੱਠੇ ਕਰ ਲਏ ਸਨ ਤੇ ਬਨੇਰਿਆਂ 'ਚ ਕਿਤੇ ਕਿਤੇ ਲਗੀਆਂ ਇੱਟਾਂ ਵੀ ਉਖੇੜ ਲਈਆਂ। [illegible] ਤ ਲਾਉਣ ਲਈ।

ਸਮਾਨ ਸੀ ਕਿ ਮੁਕਣ 'ਚ ਨਹੀਂ ਆ ਰਿਹਾ ਸੀ। ਅੱਕ ਕੇ ਉਸ ਕਈ ਘੜੇ ਤੇ ਕੁਜੇ ਕੰਧ 'ਚ ਮਾਰ ਮਾਰ ਕੇ ਭੰਨ ਦਿੱਤੇ ਸਨ।

ਜਗੀਰੋ ਨੇ ਉਸਨੂੰ ਰੋਕਿਆ ਸੀ ਤਾਂ ਉਸ ਸਮਝਾਇਆ ਸੀ, "ਬਲੀਏ—ਉਥੇ ਕੀ-ਕੀ ਰੱਖੇਂਗੀ—ਇਕ ਤਾਂ ਘਰ ਏਦੂੰ ਛੋਟਾ—ਏਦੇ ਨਾਲੋਂ ਅੱਧਾ ਤੇ ਫੇਰ ਨਵੇਂ ਘਰ 'ਚ ਆ ਟੁੱਟੇ-ਭੱਜੇ ਜਿਹੇ ਕੁਜੇ-ਤੌੜੀਆਂ—ਨਿਕਸੁੱਕ ਜਿਹਾ ਚੰਗਾ ਲੱਗਦਾ"।

"ਤੈਨੂੰ ਬਣਾਉਣੇ ਪੈਣ ਤਾਂ ਪਤਾ ਲੱਗੇ" ਜਗੀਰੋ ਨੇ ਮਿਹਣਾਂ ਮਾਰਿਆ ਸੀ।

"ਕੋਈ ਨਾ ਪਤਾ ਲੱਗ ਜਾਊ ਅਗਲੇ ਸਾਲ" ਉਸ ਗੱਲ ਇਸ਼ਾਰੇ ਨਾਲ ਕਹੀ ਸੀ।

ਉਸਦੇ ਨਾਂਹ ਨਾਂਹ ਕਰਦਿਆਂ ਵੀ ਜਗੀਰੋ ਨੇ ਕੋਈ ਵੀ ਚੀਜ਼ ਨਹੀਂ ਸੀ ਰਹਿਣ ਦਿੱਤੀ ਪੁਰਾਣੇ ਘਰ 'ਚ, ਇਸ ਖਿਆਲ ਨਾਲ "ਕਿਹੜਾ ਰੋਜ਼ ਲੱਤਾਂ ਤੁੜਾਊ ਦੋ ਮੀਲ—ਇਕੋ ਵਾਰੀ ਸਾਰਾ ਜੱਬ ਨਿਬੜ ਜਾਵੇ" ਉਹ

ਚੀਜ਼ਾਂ ਫੜਾਉਂਦਾ ਰਿਹਾ ਸੀ ਤੇ ਜਗੀਰੋ ਨੇ ਸਲੀਕੇ ਤੇ ਆਪਣੀ ਸਮਝ ਅਨੁਸਾਰ ਸਭ ਕੁਝ ਟਿਕਾਇਆ ਸੀ। ਵਿਚ ਵਿਚ ਉਹ ਸੁਲਾ ਵੀ ਮਾਰਦੀ ਰਹੀ ਸੀ "ਬੋਲਦੇ ਨਹੀਂ—ਆ ਨਿੱਕੀਆਂ-ਨਿੱਕੀਆਂ ਚੀਜ਼ਾਂ ਸੰਦੂਕ ਤੇ ਠੀਕ ਰਹੂ—ਆ ਚਾਟੀਆਂ—ਕਾੜਨੇ—ਕੁਜੇ—ਤੌੜੀਆਂ—ਪੰਜ-ਸੱਤ ਚੱਪਣ—ਸੇਵੀਆਂ ਆਲੀ ਘੋੜੀ—ਸੰਦੂਕ ਦੇ ਥੱਲੇ ਟਿਕਾਈ ਆ—ਸੰਦੂਕ ਉਪਰ ਰਸੀਆਂ—ਦਰੀਆਂ ਬਣਾਉਣ ਲਈ ਕਢਾਏ ਕੀਲੇ, ਪੁਰਾਣਾ ਟਰੰਕ, ਕਹੀ, ਆਗ ਛਿਲਣ ਆਲੀਆਂ ਦਾਤੀਆਂ—ਰੰਬਾ ਠੀਕ ਰਹੂ—ਲੈਂਪ ਸਾਹਮਣੇ ਟੰਗ ਦੇਣੀ ਆ—ਵੇਲੇ ਕੁਵੇਲੇ ਕੰਮ ਆਊ—ਆ ਕਲੈਂਡਰ ਮੋਹਰਲੇ ਕਮਰੇ 'ਚ ਠੀਕ ਰਹੂ—ਤੂੰ ਕਪੜੇ ਟੰਗਣ ਲਈ ਦੋ ਮੇਖਾਂ ਗੱਡ ਕੇ ਸੂਤਰੀ ਬਣ ਲੈ—ਨੁਆਰ ਆਲੇ ਤੇ ਵੱਡੇ ਮੰਜੇ ਨੂੰ ਜੋੜ ਲਈਏ ਤਾਂ ਡਬਲ ਬੈੱਡ ਬਣ ਜਾਊ—ਭਾਂਡਿਆਂ ਲਈ ਮੈਂ ਕੱਲ ਨੂੰ ਈ ਅੰਗੀਠੀ ਬਣਾਊਂ ਪਹਿਲਾਂ—ਪੇਟੀ ਐਸ ਖੂੰਜੇ ਈ ਚੰਗੀ ਲਗਣੀ ਆ—ਕੁਰਸੀਆਂ ਬੈੱਡ ਕੋਲ ਈ ਚੰਗੀਆਂ ਰਹਿਣਗੀਆਂ—ਦਾਣਿਆਂ ਦੀਆਂ ਬੋਰੀਆਂ ਹੇਠਾਂ ਇੱਟਾਂ ਰੱਖੀਏ ਨਹੀਂ ਤਾਂ ਸੇਂਕ ਨਹੀਂ ਛੱਡਣੀ—ਰੇਡਵਾ ਸੰਦੂਕ 'ਚ ਰੱਖ ਦੇ—ਪਾਥੀਆਂ ਦਾ ਮੈਂ ਕੱਲ ਨੂੰ ਗਹੂਰਾ ਬਣਾਊਂਗੀ—ਬੂਤਾ ਸਾਰਨ ਜੋਗੀਆਂ ਪਾਥੀਆਂ ਚੌਂਕੇ 'ਚ ਰਖੂੰਗੀ—ਗਾਂ ਲਈ ਅਗਲੇ ਮਹੀਨੇ ਦੋ ਡੇਕਾਂ ਲਾ ਲਵਾਂਗੇ—ਸਾਲ 'ਚ ਛਾਂ ਦੇਣ ਜੋਗੀਆਂ ਹੋ ਜਾਂਦੀਆਂ—ਸਿਆਲਾਂ ਨੂੰ ਗਾਂ ਜੋਗੀ ਜਗ੍ਹਾ ਲਵਾਂਗੇ—ਉਪਰ ਵੀ ਲੇਂਟਰ ਪਿਆ—ਚਿੜੀਆਂ ਮਰ ਜਾਣੀਆਂ ਆਲਣੇ ਤਾਂ ਨਾ ਪਾਉਣਗੀਆਂ"।

ਆਪਣੀ ਪਸੰਦ ਨਾਲ ਉਸ ਇਕ ਚੀਜ਼ ਟਿਕਾਈ ਸੀ ਤੇ ਉਹ ਸੀ ਬਾਬੇ ਨਾਨਕ ਦੀ ਫਰੇਮ ਕੀਤੀ ਹੋਈ ਫੋਟੋ। ਘਰ ਮੋਹਰੇ ਵੀ ਉਸ ਆਪਣੇ ਨਾਂ ਤੋਂ ਪਹਿਲਾਂ ੧ਓ ਲਿਖਾਇਆ ਸੀ ਭਾਵੇਂ ਬਰਾਦਰੀ ਵਾਲਿਆਂ ਇਸ ਗੱਲ ਦਾ ਬੁਰਾ ਮਨਾਇਆ ਸੀ, ਇਹੋ ਕਹਿ ਕੇ "ਬਾਬੇ ਬਾਲਮੀਕ ਨੂੰ ਯਾਦ ਰੱਖਣਾ ਚਾਹੀਦਾ" ਤੇ ਉਸ ਗੱਲ ਮੁਕਾਈ ਸੀ, "ਇਨ੍ਹਾਂ ਦੋਹਾਂ 'ਚ ਫਰਕ ਤਾਂ ਸਮਝਾਉ"।

ਪੁਰਾਣੇ ਘਰ ਨੂੰ ਵੇਚਣ ਦੀ ਗੱਲ ਤੁਰ ਪਈ ਸੀ ਗੁਆਂਢੀਆਂ ਨਾਲ। ਉਹ ਵੇਚਣ ਦੇ ਪੱਖ 'ਚ ਨਹੀਂ ਸੀ ਪਰ ਜਗੀਰੋ ਉਸਦੀ ਪੇਸ਼ ਨਹੀਂ ਸੀ ਜਾਣ ਦੇਂਦੀ ਇਹ ਕਹਿੰਦਿਆਂ, "ਆਪਾਂ ਸਿਰ 'ਚ ਮਾਰਨਾ—ਮਸੀਂ-ਮਸੀਂ ਕਿਸਮਤ ਖੁਲੀ ਆ—ਮੈਂ ਤਾਂ ਤਲੀਆਂ ਦੇਂਦੀ ਦੇਂਦੀ ਮਰ ਗਈ ਸੀ ਪਿਛਲੇ ਮਹੀਨੇ ਤੇ ਦੋਵੇਂ ਵਾਰੀ ਉਧਰੋਂ ਮੀਂਹ ਪੈ ਗਏ ਸੀ—ਪਰਨਾਲੇ ਕੋਲੋਂ ਅੱਡੀਆਂ ਨਾਲ ਥਾਂ ਨਪਿਆ ਧਰ ਟੁਟ ਪੈਣਾ ਫੇਰ ਵੀ ਚੋਣੋਂ ਨਾ ਹਟਿਆ—ਸਵਾਤ ਵੀ ਡਿਗਦੀ ਡਿਗਦੀ ਮਸੀਂ ਬਚੀ—ਕੱਚੇ ਵਿਹੜੇ 'ਚ ਪੈਰ ਰੱਖਣ ਨੂੰ ਜੀਅ ਨਹੀਂ ਕਰਦਾ ਬਰਸਾਤ ਦਿਆਂ ਦਿਨਾਂ 'ਚ—ਸਲਾਵਾ ਟੁੱਟ ਪੈਣੇ ਦਾ ਸੀਖਾਂ ਦੀ ਡੱਬੀ ਵੀ ਬਲਣ ਨਹੀਂ ਦੇਂਦਾ—ਗਾਂ ਅੱਡ ਟੱਪਦੀ ਫਿਰਦੀ ਘਾਣੀ ਬੱਚਾ ਘਾਣ ਕਰ ਦਿੰਦੀ ਆ ਵਿਹੜੇ ਦਾ—ਮੈਂ ਤਾਂ ਬਾਬਿਆਂ ਦੇ ਸਵਾ ਪੰਜਾਂ ਦੀ ਦੇਗ ਸੁਖੀ ਸੀ ਜਦ ਤੂੰ ਗੱਲ ਤੋਰੀ ਸੀ—ਲੈ ਨਾਮੋ ਮਾਹੀ ਤਾਂ ਮੇਰੇ ਨਾਲੋਂ ਬੋਲਣੋਂ ਵੀ ਹੱਟ ਗਈ—ਕਹਿੰਦੀ—ਪੇਤਾ ਨਹੀਂ ਮਨਜੀਤ ਨੂੰ ਕਿਵੇਂ ਇਨ੍ਹਾਂ ਚੋ ਲਿਆ—ਅੱਧਾ ਵਿਹੜਾ ਤਾਂ ਨੱਕ ਚੜ੍ਹਾਈ ਫਿਰਦਾ।

"ਚੰਗੇ ਕੰਮ ਨੂੰ ਲੋਕੀਂ ਸੜਦੇ ਈ ਹੁੰਦੇ ਆਂ" ਉਸ ਸਮਝਾਇਆ ਸੀ।

"ਮੈਂ ਕਿਆਂ—ਨਾਲੇ ਆਪਣੇ ਕਿਹੜੇ ਨਿਆਣੇ ਰੋਂਦੇ ਫਿਰਦੇ ਸਨ—ਜਿਹੜੇ ਚਾਰ ਪੈਸੇ ਵਟਾਂਗੇ ਉਹ ਤਾਂ ਹੋਣਗੇ—ਚਲੋ ਦੋ ਮੱਝਾਂ ਲੈ ਲਵਾਂਗੇ ਤੇ ਬਾਕੀ ਪੈਸੇ ਬੈਂਕ 'ਚ ਜਮਾਂ ਕਰਾ ਦਵਾਂਗੇ—ਕਹਿੰਦੇ ਖਾਣ ਜੋਗਾ ਵਿਆਜ ਆ ਜਾਂਦਾ।"

ਅਗੋਂ ਉਹ ਹੱਸ ਪਿਆ ਸੀ ਹਾਂ ਦੀ ਮੁਦਰਾ 'ਚ।

o o o

ਮਨਜੀਤ ਦੇਉਂ ਰੋਟੀ ਖਾ ਕੇ ਉਹ ਆ ਗਿਆ। ਦਰਵਾਜ਼ਾ ਬੰਦ ਸੀ। ਬਿਜਲੀ ਉਂਝ ਦੀ ਉਂਝ ਜਗ ਰਹੀ ਸੀ ਜਿਵੇਂ ਉਹ ਛੱਡ ਕੇ ਗਿਆ ਸੀ। ਜਗੀਰੋ ਅਜੇ ਵੀ ਨਹੀਂ ਆਈ ਸੀ। ਉਸ ਉਤਾਂਹ ਦੇਖਿਆ। ਵਾਹਵਾ ਸਮਾਂ ਹੋ ਗਿਆ ਲਗਦਾ ਸੀ।

"ਸਾਲੀ ਕਿਥੇ ਚਲੇ ਗਈ?" ਇਸ ਤੋਂ ਅਗਾਂਹ ਕੁਝ ਨਹੀਂ ਪਤਾ ਲਗ ਰਿਹਾ ਸੀ ਉਸਨੂੰ। ਮਾੜਾ ਜਿਹਾ ਦੀਪੋ ਨੇ ਦਸਿਆ ਸੀ "ਮਨਜੀਤ ਦਾ ਭਈਆ ਆਇਆ ਸੀ ਦੁਪਹਿਰੇ।"

"ਕਿਤੇ ਅੱਧੀ ਦਿਹਾੜੀ ਨਾ ਲੈਣ ਚਲੀ ਗਈ ਹੋਵੇ।" ਕਈ ਵਾਰ ਉਸ ਜਗੀਰੋ ਨੂੰ ਰੋਕਿਆ ਸੀ ਦਿਹਾੜੀ ਜਾਣ ਤੋਂ। ਪਰ ਉਹ ਉਸਦੇ ਜਾਣ ਮਗਰੋਂ ਚਲੇ ਜਾਂਦੀ ਸੀ। ਉਹ ਵਰਜਦਾ ਤਾਂ ਕਹਿ ਦੇਂਦੀ—"ਸਾਰਾ ਦਿਨ ਵਿਹਲਿਆਂ ਨਹੀਂ ਬੈਠਿਆ ਜਾਂਦਾ...ਗਾਂ ਜੋਗੇ ਪੱਠੇ ਤਾਂ ਬੰਦਾ ਜਾਂਦਾ-2 ਲੈ ਔਂਦਾ"

"ਜਨਾਨੀਆਂ ਦੀ ਕਮਾਈ ਨਾਲ ਕੀ ਬਣਦਾ।"

"ਲੈ ਚਾਰ ਪੈਸੇ ਘਰ ਔਂਦੇ ਮਾੜੇ ਲਗਦੇ ਆ।"

ਆਨੀ ਬਹਾਨੀ ਉਸ ਕਾਲੋਨੀ 'ਚ ਦੋ ਤਿੰਨ ਗੇੜੇ ਮਾਰੇ ਸਨ ਪਰ ਕਿਸੇ ਕੋਲੋਂ ਪੁਛਣ ਦਾ ਹੀਆ ਨਹੀਂ ਸੀ ਕਰ ਸਕਿਆ।

ਫੇਰ ਉਹ ਮੰਜੇ-ਤੇ ਆ ਕੇ ਪੈ ਗਿਆ ਤੇ ਸੋਚਦਿਆਂ ਕਰਦਿਆਂ ਉਸਦੀ ਅੱਖ ਲੱਗ ਗਈ।

ਜਾਗ ਆਈ ਤਾਂ ਜਗੀਰੋ ਕੰਧ ਨਾਲ ਢੋਅ ਲਾਈ ਬੈਠੀ ਸੀ।

"ਐਂ...ਤੂੰ ਰੋਂਦੀ ਆ...ਤੂੰ ਕਿਥੇ ਗਈ ਸੀ... ਕਦੋਂ ਆਈ?" ਜਗੀਰੋ ਨੂੰ ਥੱਲਿਉਂ ਉਠਾਲ ਕੇ ਉਸ ਮੰਜੇ ਤੇ ਬੈਠਾ ਦਿੱਤਾ।

ਜਗੀਰੋ ਦੇ ਵਾਲ ਖਿਲਰੇ ਪਏ ਸਨ। ਉਸ ਦਾ ਮੂੰਹ ਕੱਰੇ ਮਾਰੇ ਗੋਭੀ ਸਰ੍ਹੋਂ ਦੇ ਪੀਲੇ ਪਏ ਫੁੱਲਾਂ ਵਰਗਾ ਲੱਗ ਰਿਹਾ ਸੀ ਤੇ ਉਹ ਮੰਜੇ ਤੇ ਇਉਂ ਪੈ ਗਈ ਜਿਵੇਂ ਉਸ 'ਚ ਜਾਨ ਰਹੀ ਈ ਨਾ ਹੋਵੇ।

"ਮੈਂ ਪੁੱਛਦਾ.. ਮੂੰਹੋਂ ਵੀ ਬੋਲ" ਉਸ ਜਗੀਰੋ ਨੂੰ ਹਲੂਣਾ ਦਿੱਤਾ।

ਜਗੀਰੋ ਹੋਰ ਵੀ ਉਚੀ 2 ਰੋਣ ਲੱਗੀ। ਰੋਣ ਤਾਂ ਉਸਦਾ ਵੀ ਨਿਕਲਦਾ 2 ਰੁਕਿਆ ਸੀ। ਜਗੀਰੋ ਦੀ ਦਸ਼ਾ ਉਸ ਕੋਲੋਂ ਦੇਖੀ ਨਹੀਂ ਸੀ ਜਾ ਰਹੀ।

"ਮਨਜੀਤ ਘਰੇ ਆ ਕੇ ਵਿਆਜ ਲੈ ਕੇ ਗਿਆ, ਮੂਲ ਅਜੇ ਪਿਆ" ਕਿੰਨਾ ਸੱਚ ਕਹਿ ਗਈ ਸੀ ਉਹ।

ਮਨਜੀਤ, ਵਿਆਜ, ਮੂਲ ਦੀ ਉਸਨੂੰ ਸਮਝ ਨਹੀਂ ਆ ਰਹੀ ਸੀ ਤੇ ਉਸ ਜਗੀਰੋ ਨੂੰ ਬਾਹੋਂ ਫੜ੍ਹ ਪੁਛਿਆ, "ਸਿੱਧੀ ਗੱਲ ਦਸ...ਮੇਰਾ ਸਿਰ ਘੁੰਮਣ ਲੱਗ ਪਿਆ"

ਜਗੀਰੋ ਨੇ ਸਾਰੀ ਕਥਾ ਸੁਣਾ ਦਿੱਤੀ ਤੇ ਅਖੀਰ 'ਚ ਦੱਸਿਆ "ਮੈਂ ਅੰਦਰੇ ਪਈ ਸੀ......"

o o o

ਘਰ ਹਨੇਰੇ 'ਚ ਡੁਬਿਆ ਪਿਆ ਹੀ।

ਉਹਦੇ ਮਨ 'ਚ ਹੌਲ ਉਠਿਆ। ਇਕ ਡਰ ਨਾਲ ਉਸ ਜਗੀਰੋ ਵੱਲ ਦੇਖਿਆ ਪੈਰਾਂ ਤੋਂ ਸਿਰ ਮੁੜ ਸਿਰ ਤੋਂ ਪੈਰਾਂ ਤੀਕ। ਜਗੀਰੋ ਤਾਂ ਗੁਮ-ਸੁਮ ਹੋਈ ਪਵਾਂਦੀ ਪਈ ਸੀ। ਬੀਤ ਚੁੱਕੇ ਦੇ ਦਰਦ ਦੀਆਂ ਲਕੀਰਾਂ ਲੰਮੀਆਂ ਹੁੰਦੀਆਂ ਜਾ ਰਹੀਆਂ ਸਨ ਜਿਹੜੀਆਂ ਉਸ ਨੂੰ ਜਿਉਂ-ਦਿਆਂ ਮਾਰ ਰਹੀ ਸਨ—ਜਿਸਮ ਕਦੀ ਬੇਜਾਨ ਹੋ ਰਿਹਾ ਸੀ ਤੇ ਕਦੀ-2 ਸਾਹਾਂ ਦਾ ਵਾਵਰੋਲਾ।

ਹਰਖ ਦਾ ਮਾਰਿਆ ਉਹ ਕਦੀ ਮੁੱਠੀਆਂ ਬੰਦ ਕਰ ਰਿਹਾ ਸੀ ਕਦੀ ਖੋਲ੍ਹ ਰਿਹਾ ਸੀ। ਅਮਲ 'ਚ ਦੁਖਦ ਘਟਨਾ ਨੇ ਉਸਨੂੰ ਜੜ੍ਹੋਂ ਹੀ ਪੁੱਟ ਕੇ ਰੱਖ ਦਿੱਤਾ ਸੀ। ਅੱਜ ਦੀ ਘਟਨਾ ਨੇ ਉਸਨੂੰ ਡੁੱਬਣ ਤੇ ਤਰਣ ਦੀ ਦਸ਼ਾ ਦੇ ਵਿਚਕਾਰ ਖੜਾ ਕਰ ਦਿੱਤਾ ਸੀ। ਅੰਦਰ ਹੀ ਅੰਦਰ ਪਸੀਨੋ ਪਸੀਨਾ ਹੋਇਆ ਪਿਆ ਉਹ ਉਂਗਲਾਂ ਦੇ ਪਟਾਕੇ ਵਜਾ ਰਿਹਾ ਸੀ।

ਉਹ ਉਠਿਆ। ਸੰਦੂਕ ਉਪਰੋਂ ਹਥੌੜਾ ਚੁਕਿਆ ਤੇ ਮੰਜੇ ਕੋਲ ਆ ਕੇ ਦੁਚਿਤੀ 'ਚ ਫਸ ਗਿਆ। ਜਗੀਰੋ ਨੇ ਪਾਸਾ ਲਿਆ ਤੇ ਉਸਨੂੰ ਦੇਖ ਕੇ ਉਠ ਬੈਠੀ। ਉਸ ਭਰਪੂਰ ਨਜ਼ਰਾਂ ਨਾਲ ਦੇਖਿਆ ਤੇ ਆਉਣ ਵਾਲੇ ਤੂਫਾਨ ਨੂੰ ਤਾੜਦਿਆਂ ਬੋਲੀ—"ਮੈਂ ਕਿਆ...ਇਹ ਕੀ ਕਰਨ ਲੱਗਾ ਏਂ?"

"ਝਗੜੇ ਦੀ ਜੜ੍ਹ ਇਹ ਆ" ਉਂਗਲਾਂ ਨੇ ਹਥੌੜੇ ਦੇ ਦਸਤੇ ਨੂੰ ਹੋਰ ਵੀ ਘੁੱਟ ਕੇ ਫੜ ਲਿਆ ਸੀ।

"ਨਹੀਂ...ਮੈਂ ਕਿਆ...ਇਹ ਨਹੀਂ" ਨਵੇਂ ਘਰ ਵਲ ਦੇਖ ਕੇ ਜਗੀਰੋ ਬੱਚਿਆਂ ਵਾਂਗੂੰ ਫੇਰ ਉੱਚੀ-2 ਰੋਣ ਲੱਗੀ।

ਇਕ ਹੱਥ 'ਚ ਉਸ ਹਥੌੜਾ ਘੁੱਟ ਕੇ ਫੜ ਲਿਆ ਦੇ ਦੂਜੇ ਨਾਲ ਜਗੀਰੋ ਨੂੰ ਸੰਭਾਲਣ ਲੱਗਾ।

---

## ਕ੍ਰਾਂਤੀਕਾਰੀ ਸਾਹਿਤ ਸਭਾ ਵੱਲੋਂ 11 ਅਗਸਤ ਨੂੰ ਭੀਖੀ ਗੋਸ਼ਟੀ ਅਤੇ ਡਰਾਮੇ

ਕ੍ਰਾਂਤੀਕਾਰੀ ਸਾਹਿਤ ਸਭਾ ਪੰਜਾਬ ਆਪਣੇ ਸਾਲਾਨਾ ਕੰਮ ਦੀ ਸ਼ੁਰੂਆਤ 11 ਅਗਸਤ 1985 ਨੂੰ ਭੀਖੀ ਵਿਖੇ ਕਰਵਾਈ ਜਾ ਰਹੀ ਸਾਹਿਤਕ ਗੋਸ਼ਟੀ ਅਤੇ ਸਭਿਆਚਾਰਕ ਪ੍ਰੋਗਰਾਮ ਤੋਂ ਕਰ ਰਹੀ ਹੈ। ਇਹ ਗੋਸ਼ਟੀ 11 ਵਜੇ ਸ਼ੁਰੂ ਹੋਵੇਗੀ। ਸੁਰਜੀਤ ਗਿੱਲ ਇਸ ਗੋਸ਼ਟੀ 'ਚ "ਇਤਿਹਾਸਕ ਵਿਰਸੇ ਨੂੰ ਵਰਤਣ ਦੇ ਸਵਾਲ ਬਾਰੇ" ਆਪਣਾ ਪਰਚਾ ਰੱਖਣਗੇ। ਭਖਵੀਂ ਬਹਿਸ ਹੋਵੇਗੀ। ਰਾਤ ਨੂੰ 8 ਵਜੇ ਤੋਂ ਬਾਅਦ ਸਭਿਆਚਾਰਕ ਪ੍ਰੋਗਰਾਮ ਸ਼ੁਰੂ ਹੋਵੇਗਾ। ਇਸ ਪ੍ਰੋਗਰਾਮ 'ਚ ਲੋਕ-ਨਾਟਕ ਕਲਾ ਕੇਂਦਰ ਅਮ੍ਰਿਤਸਰ, ਲੋਕ ਕਲਾ ਮੰਚ ਮਾਨਸਾ, ਲੋਕ ਨਾਟਕ ਕਲਾ ਕੇਂਦਰ ਮਾਲਵਾ ਅਤੇ ਕਰਾਂਤੀਕਾਰੀ ਸਾਹਿਤ ਸਭਾ ਪੰਜਾਬ ਦੀ ਨਾਟਕ ਮੰਡਲੀ ਵੱਲੋਂ ਡਰਾਮੇ ਪੇਸ਼ ਕੀਤੇ ਜਾਣਗੇ। ਸਮੂਹ ਸਾਹਿਤਕਾਰਾਂ, ਕਲਾਕਾਰਾਂ ਅਤੇ ਅਲੋਚਕਾਂ ਨੂੰ ਗੋਸ਼ਟੀ 'ਚ ਹਿੱਸਾ ਲੈਣ ਅਤੇ ਸਮੂਹ ਲੋਕਾਂ ਨੂੰ ਰਾਤ ਦੇ ਸਭਿਆ-ਚਾਰਕ ਪ੍ਰੋਗਰਾਮ 'ਚ ਪਹੁੰਚਣ ਦਾ ਖੁੱਲ੍ਹਾ ਸੱਦਾ ਦਿਤਾ ਜਾਂਦਾ ਹੈ।

ਬਰਨਾਲਾ, ਸੁਨਾਮ ਅਤੇ ਮਾਨਸਾ ਤੋਂ ਭੀਖੀ ਨੂੰ ਆਮ ਬੱਸਾਂ ਚੱਲਦੀਆਂ ਹਨ।

—ਵੱਲੋਂ—

ਪ੍ਰਧਾਨ
ਗੁਰਸ਼ਰਨ ਸਿੰਘ

ਸਕੱਤਰ
ਬਾਰੂ ਸਤਵਰਗ

---

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ, ਕੈਲਾਸ਼ ਕਰ—ਗੁਰਸ਼ਰਨ ਸਿੰਘ ਨੇ, ਹਰਮੁੱਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਤੋਂ ਛਪਵਾਇਆ ਅਤੇ ਗੁਰੂ ਖਾਲਸਾ ਨਿਵਾਸ, ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ-143002 ਤੋਂ ਪ੍ਰਕਾਸ਼ਿਤ ਕੀਤਾ

ਵਾਰਸ਼ਿਕ ਚੰਦਾ 15 ਰੁਪਏ, ਵਿਦੇਸ਼ ਹਵਾਈ ਡਾਕ ਰਾਹੀਂ 120 ਰੁਪਏ

# ਕੁਰਬਾਨੀ ਦੇ ਪ੍ਰਸੰਗ 'ਚ

**ਗੁਰਨਾਮ ਸਿੰਘ**

ਇਕ ਦਿਨ, ਨਕਸਲਬਾੜੀ ਲਹਿਰ ਦੇ ਪ੍ਰਸੰਗ ਵਿਚ ਕਿਸੇ ਦਾ ਕਥਨ ਪੜ੍ਹ ਰਿਹਾ ਸਾਂ ਕਿ ਇਥੋਂ ਦੀਆਂ ਸਰਮਾਏਦਾਰ ਜਗੀਰਦਾਰ ਸਰਕਾਰਾਂ ਨੇ ਕੋਈ ਪੰਜਾਹ ਹਜ਼ਾਰ ਦੇ ਕਰੀਬ ਨਕਸਲਬਾੜੀ ਮਾਰ ਦਿਤੇ ਹਨ। ਇਸ ਦੇ ਨਾਲ ਹੀ ਉਹ ਵਾਕਿਆ ਯਾਦ ਆ ਜਾਂਦਾ ਹੈ ਜਦੋਂ ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਪੰਜਾਬ ਪੁਲੀਸ ਨੇ ਸੈਂਕੜੇ ਨੌਜਵਾਨ ਤੇ ਬਜ਼ੁਰਗ ਦਰਖਤਾਂ ਨਾਲ ਬੰਨ੍ਹ ਬੰਨ੍ਹ ਗੋਲੀਆਂ ਨਾਲ ਉਡਾ ਦਿੱਤੇ ਸਨ ਤੇ ਰੋਹੀਆਂ ਤੇ ਪੁਲਾਂ ਤੇ ਮੁਕਾਬਲੇ ਬਣਾਕੇ ਭਰ ਜੁਆਨੀਆਂ ਮਿੱਟੀ 'ਚ ਮਿਲਾ ਦਿੱਤੀਆਂ ਸਨ। ਇਹਨਾਂ ਵਿਚੋਂ ਬਹੁਤ ਦ੍ਰਿਸ਼, ਲੋਕਾਂ ਦੇ ਸਾਹਮਣੇ ਵਾਪਰੇ, ਅਜਿਹੇ ਕਾਰਨਾਮੇ ਸਾਰੇ ਭਾਰਤ 'ਚ ਇਸੇ ਰੂਪ 'ਚ ਵਾਪਰੇ ਹੋਣਗੇ, ਜਿਵੇਂ ਕਤਾਰਾਂ ਬੰਨ ਕੇ ਪਿੰਡ ਦੀ ਸੱਥ ਵਿਚ ਗੋਲੀਆਂ ਨਾਲ ਉਡਾਈ ਜਾਣਾ, ਪੜ੍ਹਿਆ ਗਿਆ ਹੈ। ਪਰੰਤੂ ਭਾਰਤ ਦੀ ਜੰਤਾ ਨੇ ਨਾ ਪ੍ਰਤੀਕਰਮ ਕੀਤਾ ਹੈ, ਨਾ ਹਾਹਾਕਾਰ ਮਚਾਈ ਤੇ ਨਾਂ ਕੁਹਰਾਮ ਮਚਾਇਆ। ਜ਼ੁਲਮ ਲਗਾਤਾਰ ਜਾਰੀ ਹੈ। ਪ੍ਰੰਤੂ ਲੋਕ ਬਰਦਾਸ਼ਤ ਕਰ ਰਹੇ ਹਨ, ਚੁੱਪ ਚਾਪ ਰੱਬ ਦੇ ਨਾਂ ਤੇ। ਕਿਸਮਤ ਦੇ ਨਾਂ ਤੇ। ਜੇ ਕਿਧਰੇ ਪ੍ਰਤੀਕਰਮ ਹੋਇਆ ਵੀ ਤਾਂ ਉਹ ਅਸਰਦਾਰ ਨਹੀਂ ਬਣ ਸਕਿਆ। ਜਾਂ ਵਕਤੀ ਜਜ਼ਬਾਤਾਂ ਦਾ ਉਬਾਲ ਬਣਕੇ ਰਹਿ ਗਿਆ। ਇਸ ਲੇਖ ਦੇ ਪ੍ਰਸੰਗ ਵਿਚ ਮੈਂ ਸ, ਭਗਤ ਸਿੰਘ, ਲੈਨਿਨ, ਮਾਓ, ਹੋਚੀਮਿੰਨ, ਊਧਮ ਸਿੰਘ, ਚੰਦਰ ਸ਼ੇਖਰ, ਗਦਰੀ ਬਾਬੇ, ਦਇਆ ਸਿੰਘ, ਬੂਝਾ ਸਿੰਘ, ਸਰਾਭਾ ਜਾਂ ਹੋਰ ਅਨੇਕ ਸਾਥੀਆਂ ਦੇ ਨਾਲ ਨਾਲ ਗੁਰਸ਼ਰਨ ਸਿੰਘ ਤੇ ਉਸਦੇ ਹੋਰ ਜਿਊਂਦੇ ਜਾਗਦੇ ਜੂਝਦੇ ਸਾਥੀਆਂ ਦਾ ਜ਼ਿਕਰ ਕਰਨਾ ਚਾਹੂੰਗਾ।

ਪਹਿਲੀ ਗੱਲ ਤਾਂ ਇਹ ਕਿ ਕੁਰਬਾਨੀ ਦਾ ਮੋਟਾ ਅਰਥ, ਕਿਸੇ ਮਿਸ਼ਨ ਤੋਂ ਸ਼ਹੀਦ ਹੋ ਜਾਣਾ, ਜਾਨ ਵਾਰ ਜਾਣਾ, ਮਰ ਮਿਟ ਜਾਣਾ ਹੀ ਲਿਆ ਜਾਂਦਾ ਹੈ। ਸਿੱਟੇ ਵਜੋਂ ਅਸੀਂ ਸ਼ਬਦ ਨੂੰ ਕਿਸੇ ਵਿਅਕਤੀ ਦੇ ਆਪਣੇ ਮੰਤਵ ਲਈ ਮਰ ਮਿਟ ਜਾਣ ਨਾਲ ਜੋੜ ਕੇ, ਇਸ ਮਹਾਨ ਸ਼ਬਦ ਨਾਲ ਅਨਰਥ ਕੀਤਾ ਹੈ। ਤੇ ਹਜ਼ਾਰਾਂ ਸਾਥੀਆਂ ਦੀਆਂ ਜਾਨਾਂ ਅਜਾਈਂ ਗੁਆਚ ਗਈਆਂ ਹਨ। ਸਮਾਜ ਦੇ ਹਿਤੂ, ਅਸਲੀ ਇਨਸਾਨਾਂ ਦੀਆਂ ਕੀਮਤੀ ਜਾਨਾਂ ਨਾਲ, ਜੇ ਵੇਖੀਏ ਤਾਂ ਪੂਰਾ ਇਨਸਾਫ ਨਹੀਂ ਕੀਤਾ ਗਿਆ।

ਕਿਉਂਕਿ ਜਦੋਂ ਹੀ ਉਹ ਮਨੁੱਖੀ ਅਜ਼ਾਦੀ, ਮਨੁੱਖੀ ਭਾਈਚਾਰੇ ਤੇ ਹਰ ਬਰਾਬਰੀ ਬਾਰੇ ਸੋਚਣ ਲੱਗੇ ਤਾਂ ਝੱਟ ਉਸਦੇ ਸਿਰ ਤੇ ਕੱਫਨ ਬੰਨ੍ਹ ਦਿੱਤਾ, ਬਸੰਤੀ ਚੋਲਾ ਪੁਆ ਦਿੱਤਾ। ਸਰਫਰੋਸ਼ੀ ਦੀ ਤਮੰਨਾ ਪੈਦਾ ਕਰ ਦਿੱਤੀ। ਭਾਵ ਉਸਦੇ ਮਨ ਵਿਚ ਪਿਛਲੀਆਂ ਕੁਰਬਾਨੀਆਂ ਦੀ ਵਿਰਾਸਤ ਨੂੰ ਕੁੱਟ ਕੁੱਟ ਕੇ ਭਰ ਦਿੱਤਾ। ਸੂਰਬੀਰ ਸ਼ਹੀਦਾਂ ਦੀਆਂ ਕਹਾਣੀਆਂ ਸੁਣਾ ਸੁਣਾ ਇਹ ਗੱਲ ਭੁੰਨਕੇ ਭਰ ਦਿੱਤੀ ਕਿ ਉਹ ਕੁਰਬਾਨੀ ਦਾ ਬੱਕਰਾ ਹੈ। ਉਸ ਨੇ ਅੱਜ ਨਹੀਂ ਤਾਂ ਕੱਲ ਕੌਮ ਲਈ ਮਰਨਾ ਹੀ ਮਰਨਾ ਹੈ। ਮੌਤ ਉਸਦੀ ਲਾੜੀ ਹੈ ਮਰਿਆਂ ਬਿਨ੍ਹਾਂ ਕੁਝ ਪ੍ਰਾਪਤ ਕਰ ਸਕਣਾ ਸੰਭਵ ਨਹੀਂ।' ਸ਼ਹੀਦਾਂ ਦੇ ਖੂੰਨ ਦਾ ਰੰਗ ਹੀ ਤਬਦੀਲੀਆਂ ਲਿਆਉਂਦਾ ਹੈ। ਜਿਥੇ ਸ਼ਹੀਦਾਂ ਦਾ ਲਹੂ ਡੁਲ੍ਹਦਾ ਹੈ ਉਥੇ ਲਾਲ ਹਨੇਰੀ ਝੁੱਲਦੀ ਹੈ।

ਇਹ ਜਜ਼ਬੇ, ਇਹ ਨਿਸ਼ਾਨੇ, ਇਹ ਕੁਰਬਾਨੀਆਂ, ਇਹ ਸ਼ਹੀਦੀਆਂ ਮੈਂ ਸਮਝਦਾ ਹਾਂ, ਕਿ ਨਤੀਜੇ ਵਜੋਂ, ਸਮਾਜਵਾਦੀ ਲਹਿਰਾਂ ਜਾਂ ਸਮਾਜਵਾਦੀ ਲੋਕਾਂ ਦੇ ਪੂਰੀ ਤਰ੍ਹਾਂ ਹਿੱਤ ਵਿਚ ਨਹੀਂ ਗਏ। ਜਿਥੇ ਪੰਜਾਹ ਹਜ਼ਾਰ ਅਸਲੀ ਇਨਸਾਨਾਂ ਦਾ ਲਹੂ ਡੁਲ੍ਹ ਗਿਆ ਹੋਵੇ ਤੇ ਉਥੇ ਅਜੇ ਵੀ ਹਨੇਰੀ ਕਾਲੀ ਬੋਲੀ ਹੀ ਝੁੱਲੇ ਤਾਂ ਇਸਦਾ ਸਪਸ਼ਟ ਅਰਥ ਹੈ ਕਿ ਕਿਧਰੇ ਨੁਕਸ ਹੈ। ਕਿਧਰੇ ਕਮੀ ਹੈ। ਦਿਸ਼ਾ ਸਹੀ ਨਹੀਂ ਹੈ। ਤੇ ਸਮਾਜ ਦਾ ਉਹ ਵਰਗ ਜੋ ਆਮ ਲੋਕਾਂ ਦੀ ਅਜ਼ਾਦੀ ਪ੍ਰਤੀ ਅੰਤ ਤੀਕ ਇਮਾਨਦਾਰ ਹੈ, ਸਮਾਜ ਦਾ ਹਰ ਕੋਹੜ ਖਤਮ ਕਰਕੇ, ਧਰਤੀ ਨੂੰ ਸਵਰਗ ਬਣਾਉਣਾ ਚਾਹੁੰਦਾ ਹੈ, ਉਨ੍ਹਾਂ ਦੀਆਂ ਕੁਰਬਾਨੀਆਂ ਦਾ ਇਹ ਬੇਰੋਕ ਸਿਲਸਿਲਾ, ਮੇਰੇ ਵਿਚਾਰ ਅਨੁਸਾਰ ਅੰਤਾਂ ਦਾ ਹਾਨੀਕਾਰਕ ਸਿੱਧ ਹੋਇਆ ਹੈ। ਜਿਸ ਬਾਰੇ ਮੈਂ ਲੰਬੇ ਅਰਸੇ ਤੋਂ ਸੋਚਦਾ ਆ ਰਿਹਾ ਹਾਂ ਤੇ ਇਕ ਵਿਚਾਰ ਇਕ ਮਾਨਸਿਕ ਪੀੜ ਬਣਿਆ ਖਲੋਤਾ ਹੈ।

ਮੈਂ ਚਾਹੁੰਦਾ ਹਾਂ ਕਿ ਕੁਰਬਾਨੀ ਦੇ ਅਰਥਾਂ ਨੂੰ ਵਿਸ਼ਾਲ ਕੀਤਾ ਜਾਵੇ। ਸਿਰਫ ਮਰ ਮਿਟ ਕੇ ਹੀਰੋ ਬਣ ਜਾਣਾ ਹੀ ਇਸਦਾ ਪੂਰਾ ਅਰਥ ਨਹੀਂ ਹੈ। ਸਿਰਫ ਸ਼ਹੀਦ ਦਾ ਦਰਜਾ ਪ੍ਰਾਪਤ ਕਰ ਜਾਣਾ ਹੀ ਹਿਤੂ ਨਹੀਂ। ਖੰਡੇ ਦੀ ਧਾਰ ਤੇ ਤੁਰਦਿਆਂ ਬੇਸ਼ੱਕ ਕੁਰਬਾਨੀਆਂ ਦੇ ਨੌਕੇ ਵਧਣਗੇ, ਇਸ ਕਿਸਮ ਦੇ ਅਧਾਰ ਅਕਸਰ ਬਣੇ ਰਹਿਣਗੇ। ਲੁਟੇਰੀਆਂ ਸਰਕਾਰਾਂ, ਸੂਰਬੀਰਾਂ ਨੂੰ ਲਗਾਤਾਰ ਮਾਰ ਮੁਕਾਉਣ ਲਈ ਕਾਰਜਸ਼ੀਲ ਵੀ ਰਹਿਣਗੀਆਂ—ਪਰੰਤੂ ਸਮਾਜਵਾਦੀ ਅਜ਼ਾਦੀਆਂ ਦੇ ਪੈਰੂਆਂ ਨੇ ਕਿਵੇਂ ਚਲਣਾ ਹੈ, ਇਹ ਸੋਚਣਾ ਬਣਦਾ ਹੈ।

ਕਦੀ ਕਦੀ ਇੰਝ ਜਾਪਦਾ ਹੈ ਕਿ ਕੁਰਬਾਨੀਆਂ ਦਾ ਇਹ ਸੀਮਤ ਮਾਰਗ ਘੜਿਆ ਹੀ ਸਰਮਾਏਦਾਰ-ਦਿਮਾਗ ਨੇ ਹੈ। ਕਿ ਕੌਮ ਲਈ ਮਰ ਮਿਟੋ, ਦੇਸ਼ ਤੋਂ ਕੁਰਬਾਨ

ਹੋ ਜਾਉ, ਸੂਲੀਆਂ ਚੜ੍ਹ ਜਾਉ, ਫਾਂਸੀ ਲੱਗ ਜਾਉ, ਗੋਲੀਆਂ ਤੋਪਾਂ ਦੇ ਮੂੰਹ ਮੋੜ ਦਿਉ—ਰਹਿੰਦੀ ਦੁਨੀਆਂ ਤੀਕ ਤੁਹਾਡਾ ਨਾਮ ਰਹੇਗਾ, ਤੁਹਾਡੇ ਮਜ਼ਾਰਾਂ ਤੇ ਮੇਲੇ ਲਗਣਗੇ, ਤੁਹਾਡੀਆਂ ਕੁਰਬਾਨੀਆਂ ਦੇ ਗੁਣ ਗਾਇਨ ਹੋਣਗੇ। ਯਾਦਗਾਰਾਂ ਬਣਨਗੀਆਂ। ਦੁਨੀਆਂ ਸਲਾਮਾਂ ਕਰੇਗੀ। ਪੂਜਾ ਕਰੇਗੀ।

ਕੁਰਬਾਨੀ ਦੇ ਇਹਨਾਂ ਮੰਤਵਾਂ ਮਗਰ, ਲਗਦਾ ਹੈ ਜਿਵੇਂ ਸਮਾਜਕ ਸੋਚ ਵਾਲੇ ਲੋਕਾਂ ਲਈ, ਕੁਝ ਕਾਲਾ ਹੈ। ਜਿਸਨੂੰ ਅੱਜ ਸਮਝਣੇ ਦੀ ਜ਼ਰੂਰਤ ਹੈ। ਇਸ ਬਾਰੇ ਪੂਰੀ ਗਹਿਰਾਈ ਨਾਲ ਸੋਚ ਕੇ ਇਕ ਮਨੁੱਖ ਹਿਤੂ ਤੇ ਸਮਾਜ ਹਿਤੂ ਵਿਚਾਰਧਾਰਾ ਬਣਾਉਣੀ ਚਾਹੀਦੀ ਹੈ। ਇਸ ਤਰ੍ਹਾਂ ਦੇ ਅਰਥਾਂ ਨੂੰ ਸਹੀ ਦਿਸ਼ਾ ਵੱਲ ਲਿਜਾਣਾ ਚਾਹੀਦਾ ਹੈ ਤਾਂ ਕਿ ਅਰਥਾਂ ਦਾ ਅਨੇਰਥ ਹੀ ਹੁੰਦੀ ਨਾ ਰਾਹੇ।

ਇਸ ਪ੍ਰਸੰਗ ਵਿਚ ਮੈਂ ਖਾਸ ਖਾਸ ਉਦਾਹਰਣਾ ਦਿਆਂਗਾ, ਜਿਨ੍ਹਾਂ ਬਾਰੇ ਆਮ ਲੋਕ ਵੀ ਜਾਣਦੇ ਹਨ।

ਇਸ ਸਮੇਂ ਪੰਜਾਬ ਦੇ ਮੰਚ ਤੇ ਸ. ਗੁਰਸ਼ਰਨ ਸਿੰਘ ਤੇ ਉਹਨਾਂ ਵਰਗੇ ਹੋਰ ਅਨੇਕ ਸੱਜਣ ਪੁਰਸ਼ ਲੋਕ ਅੱਜ਼ਾਦੀ ਲਈ ਜੂਝ ਰਹੇ ਹਨ। ਪੂਰੀ ਈਮਾਨਦਾਰੀ ਨਾਲ, ਸਾਰੇ ਮਨੁੱਖੀ ਸੁੱਖ ਆਰਾਮ ਤਿਆਗ ਕੇ ਜੂਝ ਰਹੇ ਹਨ। ਉਹਨਾਂ ਦਾ ਇੰਜ ਜੀਉਂਦੇ ਜੀਅ ਜੂਝਣਾ ਵੀ ਮਹਾਨ ਕੁਰਬਾਨੀ ਹੈ। ਗੁਰਸ਼ਰਨ ਸਿੰਘ ਜਾਂ ਹੋਰ ਸੂਰ-ਬੀਰ ਪੁਰਸ਼ਾਂ ਦਾ ਮਰ ਮਿਟਣਾ, ਲੋਕ ਸੰਘਰਸ਼ ਲਈ ਏਨਾ ਹਾਨੀਕਾਰਕ ਸਿਧ ਹੋਵੇਗਾ ਕਿ ਸੈਂਕੜੇ ਸਾਲ ਹੋਰ ਗੁਰਸ਼ਰਨ ਸਿੰਘ ਤਿਆਰ ਕਰਨ ਵਿਚ ਲਗ ਸਕਦੇ ਹਨ। ਲਗਦੀ ਵਾਹ ਅਜਿਹੀ ਕਿਸਮ ਦੇ ਯੋਧਾ ਵਿਅਕਤੀਆਂ ਦੁਆਲੇ ਅਣਆਈ ਮੌਤ ਦਾ ਪਰਛਾਵਾਂ ਵੀ ਪੈਣ ਨਹੀਂ ਦਿਤਾ ਜਾਣਾ ਚਾਹੀਦਾ।

ਇਸੇ ਮੰਤਵ ਲਈ ਮੈਂ ਸਭ ਤੋਂ ਵੱਧ ਸ. ਭਗਤ ਸਿੰਘ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ। ਖਟਕੜ ਕਲਾਂ 'ਚ ਜਾਂ ਸ਼ਹੀਦਗਾਹ ਬਾਰਡਰ ਤੇ ਸ. ਭਗਤ ਸਿੰਘ ਤੇ ਉਸਦੇ ਸਾਥੀਆਂ ਦੀ ਯਾਦ ਵਿਚ ਕਾਂਗਰਸ, ਅਕਾਲੀ, ਸੀ.ਪੀ.ਆਈ, ਸੀ.ਪੀ.ਐਮ. ਤੇ ਅਨੇਕਾਂ ਹੋਰ ਪਾਰਟੀਆਂ ਦੀਆਂ ਕਾਨਫਰੰਸਾਂ ਤੇ ਹਰ ਸਾਲ ਬਿਨਾ ਨਾਗਾ ਹੁੰਦੀਆਂ ਨੇ ਵਿਸ਼ਾਲ ਮੇਲੇ ਲਗਦੇ ਹਨ। ਭਗਤ ਸਿੰਘ ਨੂੰ ਹਰ ਸਰਮਾਏਦਾਰ, ਜਗੀਰਦਾਰ ਲੁਟੇਰਾ ਫੁੱਲ ਮਾਲਾ ਪਾ ਕੇ ਸ਼ਰਧਾਂਜਲੀ ਭੇਟ ਕਰਦਾ ਹੈ। ਉਸਨੂੰ ਸਿਰ ਝੁਕਾਉਂਦਾ ਹੈ। ਲੋਕ ਭੇਡਾਂ ਬੱਕਰੀਆਂ ਦੀ ਤਰ੍ਹਾਂ ਆਉਂਦੇ ਹਨ। ਢੱਡ ਸਾਰੰਗੀਆਂ ਸੁਣਦੇ ਹਨ, ਜੱਟ ਤੇ ਜੱਟੀ ਬਣੇ ਮੁੰਡਿਆਂ ਨੂੰ ਵੇਖਦੇ ਹਨ। ਪਕੌੜੇ ਖਾਂਦੇ ਹਨ, ਜਲੇਬੀਆਂ ਖਾਂਦੇ ਹਨ, ਚੂੰਢੀਆਂ ਵੱਢਦੇ ਹਨ। ਚੰਡੋਲਾਂ ਝੂਟਦੇ ਹਨ, ਠਰਕ ਭੋਰਦੇ ਹਨ ਤੇ ਜੁਆਕਾਂ ਨੂੰ ਦੁਆਨੀ ਦਾ ਵਾਜਾ ਦੇ ਲੈ ਕੇ ਘਰ ਮੁੜ ਆਉਂਦੇ ਹਨ। ਸ਼ਹੀਦ ਭਗਤ ਸਿੰਘ ਅਹਿਲ ਬੁੱਤ ਬਣਿਆ ਇਹ ਤਮਾਸ਼ਾ ਹਰ ਸਾਲ ਵੇਖਦਾ ਹੈ। ਲੁਟੇਰੇ ਵੋਟਾਂ ਅਤੇ ਨੋਟਾਂ ਦੀਆਂ ਝੋਲੀਆਂ ਭਰਕੇ ਰਾਜ ਮਹਿਲਾਂ 'ਚ ਜਾ ਬੈਠਦੇ ਹਨ। ਨਿਸਚਿੰਤ ਹੋ ਕੇ ਬੇਖੌਫ਼ ਹੋ ਕੇ।

ਕੌਣ ਸਮਝਦੈ, ਕੌਣ ਸੋਚਦੈ, ਇਕ ਭਗਤ ਸਿੰਘ ਕਿਸ ਆਜ਼ਾਦੀ ਦੀ ਸੋਚ ਲੈ ਕੇ ਮਰਿਆ ਸੀ ? ਜੇ ਆਮ ਲੋਕ ਇਹ ਗੱਲ ਸਮਝ ਹੀ ਨਹੀਂ ਸਕੇ, ਸੋਚ ਹੀ ਨਹੀਂ ਸਕੇ ਤਾਂ ਭਗਤ ਸਿੰਘ ਦਾਂ ਸਮੇਂ ਤੋਂ ਪਹਿਲਾਂ ਬੇਵਕਤ ਸ਼ਹੀਦ ਹੋ ਜਾਣਾ ਕਿੰਨਾ ਕੁ ਦਰੁਸਤ ਸੀ ? ਜੇ ਇਹ ਗੱਲ ਲੋਕਾਂ ਦੀ ਚਰਚਾ ਨਹੀਂ ਬਣ ਸਕੀ ਤਾਂ ਇਸਦਾ ਅਰਥ ਹੈ ਕਿ ਜਿਹੜੇ ਯੋਗ ਸੂਰਮਿਆਂ ਨੇ ਦਿਮਾਗਾਂ 'ਚ ਕੁਹਰਾਮ ਭਰਨਾ ਸੀ, ਉਹ ਬਲਦੀ ਦੇ ਬੂਥੇ ਛਾਲ ਮਾਰ ਗਏ ਤੇ ਘੋਗੜ ਕਾਂ, ਉਹਨਾਂ ਦੇ ਨਾਂ ਤੇ ਹੀ ਵੋਟ ਵਟੋਰ ਕੇ, ਲੋਕਾਂ ਦੀ ਛਿੱਲ ਪੁੱਟਣ ਵਾਲੇ, ਰਿੱਧੀਆਂ ਖੀਰਾਂ 'ਤੇ ਝੁਪਟ ਪਏ, ਬੇਰੋਕ, ਬੇਟੋਕ।

ਸ. ਭਗਤ ਸਿੰਘ ਨਿਡੱਰ ਯੋਧਾ ਸੀ, ਪਰ ਇਸਦਾ ਅਰਥ ਇਹ ਤਾਂ ਨਹੀਂ ਕਿ ਉਹ ਗੋਲੀਆਂ ਜਾਂ ਫਾਂਸੀਆਂ ਨੂੰ ਨਿਉਂਦੇ ਦਿੰਦਾ ਫਿਰੇ। ਤੇ ਉਸਦੀਆਂ ਬੰਦੂਕਾਂ ਉਗਾ-ਉਣ ਵਾਲਾ ਖੇਤਰੀ ਬੁਰਛੇ ਸਾਂਭ ਲੈਣ। ਆ ਬੈਲ ਮੁਝੇ ਮਾਰ ਦੀ ਕਹਾਣੀ ਕਿਸੇ ਮੂਰਖ ਤੇ ਤਾਂ ਢੁੱਕ ਸਕਦੀ ਹੈ ਪਰ ਸੂਰਮਿਆਂ ਤੇ ਨਹੀਂ।

ਅੰਗਰੇਜ਼ ਸਾਮਰਾਜ ਤਿਆਰ ਸੀ ਕਿ ਭਗਤ ਸਿੰਘ ਜਾਂ ਚੰਦਰ ਸ਼ੇਖਰ ਨੂੰ ਕਦੋਂ ਚਲਦਾ ਕੀਤਾ ਜਾਵੇ। ਤੇ ਹਿੰਦੂ ਸਰਮਾਏਦਾਰੀ ਸੋਚ ਰਹੀ ਸੀ ਕਿ ਮੁੜ ਕੋਈ ਭਗਤ ਸਿੰਘ ਪੈਦਾ ਨਾ ਹੋਵੇ ਨਾ ਰਹੇ। ਦੋਹਾਂ ਨੇ ਰਲਕੇ ਸੈਂਕੜੇ ਸਾਲਾਂ 'ਚ ਉੱਗਿਆ ਸੂਰਜ ਨਿਗਲ ਲਿਆ। ਤੇ ਭਗਤ ਸਿੰਘ ਜਿਸ ਥਾਂ ਨੂੰ ਖਾਲੀ ਕਰ ਗਿਆ, ਉਥੇ ਬੈਠੇ ਡਾਂਗੇ ਹੋਰੀਂ ਜੋ 60 ਸਾਲ ਤੋਂ ਮਾਲਕ ਭਗਤੀ ਕਰ ਰਹੇ ਹਨ ਤੇ ਲੋਕਾਂ ਨਾਲ ਛਲਾਵਾ ਜਾਰੀ ਹੈ। ਉਥੇ ਬੈਠੇ ਹਨ ਜੋਤੀ ਬਾਸੂ ਤੇ ਨਬੂੰਦਰੀਪਾਦ ਜਿਨ੍ਹਾਂ ਨੂੰ ਪੂਜਾ ਪਾਠ ਤੋਂ ਵਿਹਲ ਨਹੀਂ। ਹਰ ਐਸ਼ ਅਰਾਮ ਜਿਨ੍ਹਾਂ ਦੀ ਜ਼ਿੰਦਗੀ ਦਾ ਅਟੁੱਟ ਹਿੱਸਾ ਹੈ। ਭਗਤ ਸਿੰਘ ਤਾਂ ਤੁਰਦਾ ਬਣਿਆ, ਤੇ ਹੀਰੋ ਬਣ ਗਿਆ ਗਾਂਧੀ...ਜਿਉਂਦੀ ਰਹਿ ਗਈ ਸਰਮਾਏਦਾਰੀ ...ਤੇ ਅਜ਼ਾਦੀ ਲੈ ਗਏ ਪੱਕੀਆਂ ਪਕਾਈਆਂ ਤੇ ਬਹਿਣ ਵਾਲੇ। ਵਿਹਲੜ...ਸ਼ੈਤਾਨ ਤੇ ਮੱਕਾਰ ਧੋਖੇਬਾਜ਼ ਬੇਈਮਾਨ ਹਰਾਮਖੋਰ...ਪੇਟੂ।

ਕੌਣ ਜੁੰਮੇਵਾਰ ਬਣੇਗਾ ਇਸ ਦੁਖਾਂਤ ਦਾ ?

ਕਿਉਂਕਿ ਭਗਤ ਸਿੰਘ ਦੀ ਕੁਰਬਾਨੀ ਦਾ ਸਮਾਂ ਨਾ ਠੀਕ ਸੀ ਨਾ ਢੁੱਕਵਾ। ਇਹ ਗੱਲ ਸਿੱਖ ਲਹਿਰ ਸਾਬਤ

ਕਰੇਗੀ। ਗੁਰੂ ਰਵੀਦਾਸ ਤੋਂ ਕਬੀਰ, ਨਾਮਦੇਵ, ਗੁਰੂ ਨਾਨਕ ਤੋਂ ਅਮਰਦਾਰ ਤੱਕ ਸਮਾਜਕ ਤਬਦੀਲੀਆਂ ਲਈ ਵਿਚਾਰਧਾਰਕ ਘੋਲ ਜਾਰੀ ਰਿਹਾ। ਬੇਸ਼ੱਕ ਗੁਰੂ ਰਵਿਦਾਸ ਨੂੰ ਅੰਤਮ ਸਮੇਂ, ਕ੍ਰਾਂਤੀਕਾਰੀ ਹੋਣ ਕਾਰਨ, ਬ੍ਰਾਹਮਣ ਰਾਜੇ ਨੇ, ਰੰਬੀ ਨਾਲ ਆਪ ਛਾਤੀ ਪਾੜਕੇ ਮਰਨ ਦੀ ਸਜ਼ਾ ਦਿੱਤੀ ਪਰ ਉਸ ਸਮੇਂ ਤੀਕ ਵਿਚਾਰਧਾਰਾ ਉੱਤਰ ਦੱਖਣ ਪੂਰਬ ਪੱਛਮ ਤੀਕ ਫੈਲ ਚੁੱਕੀ ਸੀ। ਨਾਮਦੇਵ ਨੂੰ ਹਾਥੀ ਹੇਠ ਸੁੱਟਿਆ ਗਿਆ ਪਰ ਉਹ ਵੀ ਬਚਦੇ ਰਹੇ। ਇਕ ਸਮੇਂ ਆਣਕੇ ਚੰਦੂ ਨੇ ਗੁਰੂ ਅਰਜਨ ਨੂੰ ਸ਼ਹੀਦ ਕਰਾਉਣ ਤੱਕ ਦਾ ਰੋਲ ਕੀਤਾ। ਲਗਦੇ ਹੱਥ ਹੀ ਅਗਲੀ ਲੀਡਰਸ਼ਿਪ ਗੁਰੂ ਹਰਗੋਬਿੰਦ ਹੱਥ ਤਲਵਾਰ ਲੈ ਕੇ ਨਿਕਲੀ...। ਲਹਿਰ ਰਾਹ ਤੇ ਰਹੀ ਸਹੀ ਦਿਸ਼ਾ ਵੱਲ ਵਧੀ। ਇਕ ਮੌਕਾ ਆਇਆ, ਗੁਰੂ ਤੇਗ ਬਹਾਦਰ ਨੇ ਐਨ ਢੁੱਕਵੇਂ ਸਮੇਂ ਤੇ ਚੰਗਾੜੀ ਸੁੱਟੀ ਜਿਸ ਨਾਲ ਚਾਰੇ ਪਾਸੀਂ, ਇਕ ਲਹਿਰ ਅੰਦਰ ਕੁਹਰਾਮ ਮੱਚ ਗਿਆ ਤੇ ਅੰਤ ਇਸ ਲਹਿਰ ਨੇ ਮੁਗ਼ਲ ਸਾਮਰਾਜ ਨੂੰ ਖੇਰੂੰ ਖੇਰੂੰ ਕਰ ਦਿੱਤਾ ਤੇ ਉਸਦਾ ਸਾਹ ਸਤ ਕੱਢ ਲਿਆ। ਪ੍ਰਾਪਤੀ ਦੇ ਸਮਿਆਂ ਵਿਚ ਫਿਰ ਵੱਡੀਆਂ ਕੁਰਬਾਨੀਆਂ ਹੋਈਆਂ। ਪਰ ਗੁਰੂ ਗੋਬਿੰਦ ਸਿੰਘ ਜਿਨ੍ਹਾਂ ਦੇ ਮਗਰ ਲੋੜੀਂਦੀ ਯੋਗਤਾ ਵਾਲੀ ਲੀਡਰਸ਼ਿਪ ਨਹੀਂ ਸੀ— ਬਚਦੇ ਕਰਦੇ ਦੱਖਣ ਵੱਲ ਨਿਕਲ ਗਏ ਤਾਂ ਕਿ ਅਸਲੀ ਨਿਸ਼ਾਨੇ ਪੂਰੇ ਕਰਨ ਲਈ ਕੁਝ ਸਮਾਂ ਮਿਲ ਸਕੇ। ਪਰੰਤੂ ਰਸਤੇ ਵਿਚ ਉਹਨਾਂ ਦਾ ਚਲਾਣਾ ਕਰ ਜਾਣਾ ਤੇ ਲਹਿਰ ਨੂੰ ਸਿਖਰ ਦੀ ਲੀਡਰ ਤੇ ਬਾਂਝਿਆਂ ਛੱਡ ਜਾਣਾ, ਸਿੱਖ ਲਹਿਰ ਦਾ ਹੋਰ ਵੀ ਵੱਡਾ ਦੁਖਾਂਤ ਹੋ ਨਿੱਬੜਿਆ। ਸਿੱਟੇ ਵਜੋਂ ਇਕ ਸਮਾਜਕ ਮਿਸ਼ਨ, ਕਾਗਜ਼ਾਂ 'ਚ ਤੇ ਕਥਾਵਾਂ 'ਚ ਸੁੰਗੜ ਕੇ ਰਹਿ ਗਿਆ। ਤੇ ਮੁੜ ਸਹੀ ਦਿਸ਼ਾ ਨਾ ਲੈ ਸਕਿਆ।

ਦੂਜੇ ਪਾਸੇ ਸਰਦਾਰ ਭਗਤ ਸਿੰਘ, ਜਿਸ ਸਮੇਂ ਸ਼ਹੀਦ ਹੋਏ, ਉਹਨਾਂ ਦਾ ਕੋਈ ਜਾਨ-ਨਸ਼ੀਨ ਤਿਆਰ ਨਹੀਂ ਸੀ। ਗੱਲ ਅਜੇ ਮੁਢਲੇ ਪੜਾ 'ਚ ਦਿਸ਼ਾ ਲੈ ਰਹੀ ਸੀ। ਜਦੋਂ ਭਗਤ ਸਿੰਘ ਨੇ ਫਾਂਸੀ ਚੁੰਮੀ, ਕੋਈ ਕੁਹਰਾਮ ਨਹੀਂ ਮੱਚਿਆ ਕਿਉਂਕਿ ਜੰਤਾ ਤਾਂ ਗਾਂਧੀ ਮਗ਼ਰ ਲੱਗੀ ਹੋਈ ਸੀ। ਆਪਣੀ ਔਰਤ ਨੂੰ ਮਾਂ ਕਹਿਣ ਵਾਲਾ ਤੇ ਨੰਗੀਆਂ ਕੁੜੀਆਂ ਨਾਲ ਸੌਣ ਵਾਲਾ, ਗਰੀਬੀ ਵੇਸ 'ਚ, ਮੇਵੇ ਬਦਾਮ ਖਾਣ ਵਾਲਾ, ਚਲਾਕ ਬੰਦਾ ਲੋਕਾਂ ਲਈ ਮਹਾਤਮਾ ਬਣ ਚੁੱਕਾ ਸੀ। ਹਿੰਦੂ ਸਰਮਾਏਦਾਰੀ ਅਜ਼ਾਦੀ ਦੀ ਲਹਿਰ ਨੂੰ ਨੱਥ ਪਾ ਚੁੱਕੀ ਸੀ ਤੇ ਨਾਲੋ ਨਾਲ ਹਿੰਦੂ ਸਰਮਾਏਦਾਰੀ ਨੇ ਗਾਂਧੀਆਂ ਦੀ ਏਡੀ ਕਤਾਰ ਤਿਆਰ ਕਰ ਲਈ ਸੀ ਕਿ ਅੱਜ ਤੀਕ ਨਹੀਂ ਮੁੱਕੀ। ਇਹਨਾਂ ਸੁੱਤੇ ਤੇ ਲਾਂਭੇ ਹੋਏ ਹਾਲਤਾਂ 'ਚ ਭਗਤ ਸਿੰਘ ਦਾ ਮੰਚ ਤੋਂ ਲਹਿ ਜਾਣਾ, ਗਾਂਧੀਵਾਦ ਦੇ ਪੱਖ 'ਚ ਭੁਗਤ ਗਿਆ। ਤੇ ਅਸਲ ਅਜ਼ਾਦੀ ਭਗਤ ਸਿੰਘ ਦੇ ਨਾਲ ਹੀ ਫਾਂਸੀ ਚੜ ਗਈ। ਜੋ ਭਾਰਤੀ ਜੰਤਾ ਲਈ ਨਰਕ ਸਾਬਤ ਹੋਈ। ਗਾਂਧੀ ਅੱਜ ਵੀ ਭਾਰਤੀ ਸਮਾਜ ਦਾ ਹੀਰੋ ਹੈ। ਪੰਧ-ਦਰਸਾਊ ਹੈ।

ਭਗਤ ਸਿੰਘ ਦੇ ਅਢੁੱਕਵੇਂ ਸਮੇਂ ਜਾਣ ਨਾਲ ਆਇਆ ਇਨਕਲਾਬ ਭਟ ਗਿਆ। ਜੰਗਲ 'ਚ ਗੁਆਚ ਗਿਆ। ਮੁੜ ਕੋਈ ਅਜਿਹਾ ਇਨਕਲਾਬੀ ਪੈਦਾ ਨਾ ਹੋ ਸਕਿਆ ਜੋ ਲਹਿਰ ਨੂੰ ਤੇ ਜੰਤਾ ਨੂੰ ਬੁੱਕਲ ਵਿਚ ਲੈ ਸਕਦਾ ਪਾਲ ਸਕਦਾ ਵੱਸ ਕਰਕੇ, ਇਨਕਲਾਬ ਕਰ ਸਕਦਾ। ਸਗੋਂ ਇਨਕਲਾਬ ਦਾ ਮੰਦੀ ਬਣ ਬੈਠੀ ਹਿੰਦੂ ਸਰਮਾਏਦਾਰੀ, ਜਿਸਨੇ ਪਿਛਲੇ 30-35 ਸਾਲਾਂ 'ਚ ਸਮਾਜਵਾਦੀ ਲਹਿਰ, ਦਾ ਅਜਿਹਾ ਰੂਪ ਵਿਗਾੜਿਆ ਕਿ ਬਘਿਆੜ ਤੇ ਚਿੜੀਆਂ ਤੋਤੇ ਸਾਂਝੀ ਬਣ ਗਏ। ਅਜਿਹੀ ਪੀਢੀ ਸਥਿਤੀ ਬਣ ਗਈ ਹੈ ਕਿ ਮਾਸਖੋਰੇ ਖੂਨੀ ਲੁਟੇ-ਰਿਆਂ ਬਘਿਆੜਾਂ ਨੂੰ ਮਸੂਮ ਸ਼ਿਕਾਰ ਜੰਤਾ ਤਿਆਗਣ ਨੂੰ ਤਿਆਰ ਨਹੀਂ ਹੈ।...ਤੇ ਇਨਕਲਾਬ ਭਟਕ ਕੇ ਰਹਿ ਗਿਆ ਹੈ ਬਾਈ ਮੰਜੀਆਂ 'ਚ। ਤੇ ਜਿਹੜੇ ਕੁਝ ਠੀਕ ਰਾਹ ਤੇ ਤੁਰ ਰਹੇ ਹਨ ਉਹਨਾਂ ਨੂੰ ਸਰਮਾਏਦਾਰੀ ਨਾਲੋਂ ਅਖੌਤੀ ਸਮਾਜਵਾਦੀ ਜ਼ਿਆਦਾ ਖਿੱਚ ਰਹੇ ਹਨ। ਇਥੇ ਮੈਂ ਇਹ ਗੱਲ ਵੀ ਸਪੱਸ਼ਟ ਕਰ ਦਿਆਂ ਕਿ ਮੈਂ ਸਰਦਾਰ ਭਗਤ ਸਿੰਘ ਨੂੰ ਸੰਸਾਰ ਦੀਆਂ ਇਨਕਲਾਬੀ ਸ਼ਖਸੀਅਤਾਂ ਦੇ ਬਰਾਬਰ ਸਤਿਕਾਰਦਾ ਹਾਂ। ਮੈਂ ਸਰਦਾਰ ਦੀ ਕੁਰਬਾਨੀ ਨੂੰ ਛੁਟਿਆ ਕੇ ਨਹੀਂ ਵੇਖ ਰਿਹਾ। ਪਰੰਤੂ ਉਹ ਖੱਪਾ ਜਿਸਦਾ ਖੇਰਿਆਨਾ ਸਾਰਾ ਭੁੱਖਾ ਨੰਗਾ ਸਮਾਜ ਭੁਗਤ ਰਿਹਾ ਹੈ, ਉਸ ਲਈ ਕੌਣ ਜ਼ਿੰਮੇਵਾਰ ਬਣੇਗਾ? ਇਤਿਹਾਸ ਦੇ ਵਰਕੇ ਸਿਖਾਉਣ ਲਈ ਵੀ ਹੁੰਦੇ ਹਨ ਬੀਤੇ 'ਚ ਹੋਈ ਕੁਤਾਹੀ ਨੂੰ ਦੁਹਰਾਉਣਾ ਹਿੱਤ ਵਿਚ ਨਹੀਂ ਜਾ ਰਿਹਾ।

ਗਾਂਧੀ ਦੇ ਮੁਕਾਬਲੇ, ਭਗਤ ਸਿੰਘ ਹਜ਼ਾਰਾਂ ਭਗਤ ਸਿੰਘ ਪੈਦਾ ਕਰਕੇ ਚਲਾ ਜਾਂਦਾ ਤਾਂ ਕੀ ਦੁੱਖ ਸੀ ਪਰ ਮੈਦਾਨ ਖ਼ਾਲੀ ਛੱਡ ਕੇ ਉਸਦਾ ਤੁਰ ਜਾਣਾ ਇਨਕਲਾਬੀ ਸੰਘਰਸ਼ ਦੇ ਹਿੱਤ 'ਚ ਨਹੀਂ ਗਿਆ। ਕਿਹੀ ਅਜ਼ਾਦੀ ਹੈ ਜਿਹੜੀ ਅੱਧੀ ਅਰਬ ਅਬਾਦੀ ਨੂੰ ਸ਼ਿਰਫ਼ ਕੁੱਤਿਆਂ ਬਿੱਲਿਆਂ ਤੋਂ ਵੱਧ ਕੁਝ ਨਹੀਂ ਸਮਝਦੀ।

ਲੈਨਿਨ ਤੇ ਮਾਓ ਦਾ ਸੰਘਰਸ਼ ਪੜ੍ਹੋ। ਉਹ ਵਾਰ ਵਾਰ ਮੌਤ ਦੇ ਮੂੰਹ 'ਚ ਨਿਕਲਦੇ ਰਹੇ ਤੇ ਮੌਤ ਛਾਤੀ ਕੋਲੋਂ ਹੋ ਹੋ ਕੇ ਮੁੜਦੀ ਰਹੀ। ਪਰ ਉਹ ਮੌਤ ਨੂੰ ਪਿਛਾੜ ਕੇ, ਅੱਗੇ ਵਧਦੇ ਰਹੇ। ਲੈਨਿਨ ਕਿੰਨੇ ਵਰ੍ਹੇ ਗੁਪਤ ਵਾਸ ਰਹੇ। ਅਤੇ ਉਹ ਘੜੀ ਆ ਗਈ ਜਿਸ ਲਈ ਸੰਘਰਸ਼ ਅਰੰਭਿਆ ਗਿਆ ਸੀ। ਹੋਚੀ ਮਿੰਨ ਹਜ਼ਾਰਾਂ ਤੰਗੀਆਂ ਤਕਲੀਫਾਂ ਦੇ ਬਾਦ ਵੀ ਜ਼ਿੰਦਾ ਰਹੇ। ਏਸੇ ਤਰ੍ਹਾਂ ਊਧਮ

ਸਿੰਘ ਦੀ ਗੱਲ ਕਰੀਏ। ਉਸਨੇ ਸਿੱਧਿਆਂ ਮਰ ਜਾਣ ਦੀ ਥਾਂ ਆਪਣੇ ਸਮਾਜ ਦੇ ਵੈਰੀ ਦੀ ਸਫ਼ ਲਪੇਟਣ ਨੂੰ ਤਰਜੀਹ ਦਿੱਤੀ। ਪਰੰਤੂ ਇਸ ਕਾਰਜ ਲਈ ਉਹ ਲੰਬਾ ਸਮਾਂ ਹਰ ਖ਼ਤਰੇ ਤੋਂ ਸਾਵਧਾਨ ਰਿਹਾ ਤਾਂ ਕਿ ਉਸਦਾ ਇਹ ਪੁੰਨ ਅਧੂਰਾ ਨਾ ਰਹਿ ਜਾਵੇ।

ਸੋਚਦਾ ਹਾਂ ਕਿ 50000 ਨਕਸਲਵਾੜੀ ਮਾਰੇ ਗਏ ਇਹਨਾਂ ਵਿਚੋਂ ਕੁਝ ਤਾਂ ਹਾਲਤਾਂ ਦੇ ਬੰਨ੍ਹੇ ਮਾਰੇ ਗਏ ਹੋਣਗੇ। ਪਰੰਤੂ ਬਹੁਤ ਸਾਥੀਆਂ ਨੇ ਬਚ ਬਚ ਕੇ ਚੱਲਣ ਨਾਲੋਂ ਜਾਂ ਠੀਕ ਢੰਗ ਨਾਲ ਕਾਰਗਰ ਰਹਿਣ ਨਾਲੋਂ ਮਰ ਮਿਟਣ ਨੂੰ ਜ਼ਿਆਦਾ ਤਰਜੀਹ ਦਿੱਤੀ ਹੋਵੇਗੀ। ਜੇ ਇਸ ਤਰ੍ਹਾਂ ਮਰ ਮਿਟਣ ਨਾਲੋਂ ਜ਼ਿਆਦਾ ਜ਼ਰੂਰੀ ਨਹੀਂ ਸੀ ਕਿ ਉਹ ਜਿਉਂਦੇ ਜੀਅ ਕੰਧੇ ਨਾਲ ਕੰਧਾ ਮਿਲਾ ਕੇ ਕੰਮ ਜਾਰੀ ਰੱਖਦੇ। ਕੀ ਬੂਝਾ ਸਿੰਘ ਜਾਂ ਦਇਆ ਸਿੰਘ ਫੇਰ ਪੈਦਾ ਹੋ ਗਏ? ਕੀ ਇਹ ਹਜ਼ਾਰਾਂ ਸਿਪਾਹੀ ਏਡੇ ਵੱਡੇ ਸਮਾਜ ਨੂੰ ਰਾਹ ਪਾਉਣ ਤੋਂ ਅਸਮਰਥ ਸੀ? ਕੀ ਏਡੀਆਂ ਦੁਰਲੱਭ ਜਿੰਦਾਂ ਦੀਆਂ ਕੁਰਬਾਨੀਆਂ ਸਦਕਾ, ਇਸ ਦੇਸ਼ ਦੇ ਭੇਡਾਂ ਬੱਕਰੀਆਂ ਕੁੱਤਿਆਂ ਬਿੱਲਿਆਂ ਵਰਗੇ ਲੋਕ ਮਗਰ ਉੱਠ ਤੁਰੇ? ਕੀ ਪ੍ਰਤੀਕਰਮ ਵਜੋਂ ਉਠੇ ਜਨਤਕ ਉਭਾਰਾਂ ਨਾਲ ਕਦੀ ਕਾਬਜ਼ ਸਰਕਾਰਾਂ ਕੰਬੀਆਂ? ਹੱਥਲ ਹੋਈਆਂ? ਪੈਰੋਂ ਹਿੱਲੀਆਂ? ਮਨੋਬਲ ਗੁਆ ਸਕੀਆਂ?

ਅੱਜ ਦੇ ਪ੍ਰਸੰਗ 'ਚ ਵੇਖੋ, ਹਿੰਦੂ ਸਰਮਾਏਦਾਰੀ ਆਪਣੀਆਂ ਕਰਤੂਤਾਂ ਕਾਰਨ ਜਦੋਂ ਦਿਨੋਂ ਦਿਨ ਪੈਰੋਂ ਉਖੜ ਰਹੀ ਸੀ ਤਾਂ ਗਿਣਤੀ ਦੇ ਹਿੰਦੂ ਅਤੇ ਇਕ ਇੰਦਰਾ ਵੀ ਪੂੰਜੀਵਾਦੀ ਸ਼ਹੀਦਾਂ 'ਚ ਜਾ ਰਲੇ। ਸਿੱਟੇ ਵਜੋਂ ਸਾਰਾ ਭਾਰਤ ਅੱਗ ਦੀ ਲਪੇਟ 'ਚ ਆ ਗਿਆ। ਸਾਰੀ ਪੁਲੀਸ ਸਾਰੀ ਫੌਜ ਹਰਕਤ 'ਚ ਆ ਗਈ। ਸਾਰਾ ਪਰੈਸ ਹਰਕਤ 'ਚ ਆ ਗਿਆ ਤੇ ਉਹ ਲੱਖਾਂ ਲੋਕ, ਜੋ ਖ਼ੁਦ ਜ਼ਿੰਦਗੀ ਤੋਂ ਪੂਰੀ ਤਰ੍ਹਾਂ ਲਾਚਾਰ ਹਨ, ਜ਼ਾਲਮਾਂ ਖਾਤਰ ਇਕ ਖਾਸ ਕਿਸਮ ਦੇ ਬੰਦਿਆਂ ਨੂੰ ਟੁੱਟ ਕੇ ਪੈ ਗਏ। ਕੁਹਰਾਮ ਮੱਚ ਗਿਆ। ਹਾਲਤਾਂ ਨੂੰ ਆਪਣੇ ਰੁਖ 'ਚ ਘੁਮਾ ਕੇ, ਹਿੰਦੂ ਸਰਮਾਏਦਾਰੀ, ਮਸੂਮ ਹਿੰਦੂਆਂ ਦੀਆਂ ਜਿੰਦਾਂ ਦੇ ਸਿਰ ਤੇ ਅਡੋਲ ਪੈਰਾਂ ਸਿਰ ਹੋ ਖਲੋਤੀ ਤੇ ਵਧੇਰੇ ਸ਼ਕਤੀਸ਼ਾਲੀ ਬਣ ਬੈਠੀ। ਅੱਜ ਹਰ ਅਵਾਜ਼ ਨੂੰ ਦਬਾਉਣ ਲਈ ਹਰ ਕਾਲਾ ਕਾਨੂੰਨ ਹਾਜ਼ਰ ਹੈ ਤੇ ਕੰਗਾਲ ਜੰਤਾ ਦੇ ਰਿਸ਼ਤੇਦਾਰ ਫੌਜੀ ਸਿਪਾਹੀ ਜਾਂ ਪੁਲਸੀਏ ਆਪਣੇ ਹੀ ਗਰੀਬ ਭਰਾਵਾਂ ਦਾ ਮਾਸ ਨੋਚਣ ਲਈ ਹਰ ਮੋੜ ਤੇ ਤਿਆਰ ਖਲੋਤੇ ਹਨ। ਇਹ ਸੀ ਸਰਮਾਏਦਾਰੀ ਲਈ ਕਿਸੇ ਇਕ ਵਿਅਕਤੀ ਲਈ ਸ਼ਹੀਦੀ ਦਾ ਢੁਕਵਾਂ ਸਮਾਂ। ਜਿਸਦਾ ਵਾਰਸ ਤਿਆਰ-ਬਰ-ਤਿਆਰ ਗੱਦੀ ਦੇ ਕੋਲ ਖਲੋਤਾ ਸੀ।

ਇੰਜ ਜਦੋਂ ਵੀ ਕਦੀ ਸੋਚੀਦਾ ਹੈ ਤਾਂ ਲੱਗਦਾ ਹੈ ਕਿ ਗਿਣਤੀ ਦੀਆਂ ਸ਼ਹੀਦੀਆਂ ਤੋਂ ਸਿਵਾ, ਹਜ਼ਾਰਾਂ ਸ਼ਹੀਦੀਆਂ ਵਿਅਰਥ ਗਈਆਂ ਹਨ। ਹਜ਼ਾਰਾਂ ਜਾਨਾਂ ਅਜਾਈਂ ਮੌਤ ਦੀ ਨਿਆਈਂ ਜਾ ਪਈਆਂ ਹਨ। ਇਹ ਜਿੰਦਾਂ ਜੋ ਜਿਉਂਦਿਆਂ ਰਹਿ ਕੇ ਕਾਲੀ ਬੋਲੀ ਰਾਤ ਨੂੰ ਲਾਲ ਹਨੇਰੀ 'ਚ ਬਦਲ ਸਕਣ ਦੇ ਸਮਰੱਥ ਸਨ। ਇਸ ਤਰ੍ਹਾਂ ਲਗਾਤਾਰ ਮਰੀ ਜਾਣ ਨਾਲ ਤੇ ਮੈਦਾਨ ਦੁਸ਼ਮਣ ਲਈ ਖਾਲੀ ਕਰ ਰੱਖਣ ਨਾਲ ਤੇ ਆਪਣੇ ਸੂਰਮੇ ਗੁਆ ਲੈਣ ਨਾਲ ਕੋਈ ਹਨ੍ਹੇਰੀ ਝੁੱਲੇਗੀ, ਅਜੇ ਤਾਂ ਜਚਦੀ ਨਹੀਂ। ਦੇਸ਼ ਦੇ ਇਕ ਕੋਨੇ ਤੋਂ ਉੱਚੀ ਲਹਿਰ ਸਰਮਾਏ-ਦਾਰੀ ਦਾ ਕੀ ਵਿਗਾੜ ਸਕਦੀ ਹੈ। 'ਅੱਜ ਦੇ' ਸਿੰਘ ਸਿੰਘਾਂ ਨੇ, ਹਥਿਆਰਾਂ ਦੇ ਅੰਬਾਰ ਲਾ ਕੇ ਕਾਬਜ਼ ਜਮਾਤ ਦਾ ਕੀ ਵਿਗਾੜ ਦਿੱਤਾ? ਇਕ ਮਹਾਂਮਾਰੀ ਸਹੇੜਨ ਤੋਂ ਬਿਨਾਂ ਲੱਖਾਂ ਨੂੰ ਬੇਘਰ ਕਰਾ ਕੇ, ਹਜ਼ਾਰਾਂ ਨੂੰ ਜਿਉਂਦਿਆਂ ਸੜਵਾ ਕੇ, ਧੀਆਂ ਭੈਣਾਂ ਦੀਆਂ ਇੱਜ਼ਤਾਂ ਲੁਟਵਾ ਕੇ, ਕਿਹੜੀ ਮੱਲ ਮਾਰਨ ਦਾ ਦਾਅਵਾ ਕਰਨਗੇ ਉਹ? ਕਾਬਜ਼ ਜਮਾਤ ਦਾ ਜ਼ੁਲਮੀ ਦੌਰ ਤਾਂ ਸਗੋਂ ਹੋਰ ਚੌੜਾ ਹੋਇਆ ਹੈ।

ਸੋ ਸਮਾਜਵਾਦੀ ਲਹਿਰਾਂ ਨੂੰ ਹਰ ਕੋਨੇ ਤੋਂ ਤਿਆਰ ਕਰਨਾ ਤੇ ਉਠਾਉਣਾ ਜ਼ਰੂਰੀ ਹੈ। ਇਸ ਕੰਮ ਲਈ ਅੱਜ ਦੁਰਲੱਭ ਸੂਰਮਿਆਂ ਦਾ ਜਿਉਂਦੇ ਰਹਿ ਕੇ, ਸੰਘਰਸ਼ ਜਾਰੀ ਰੱਖਣਾ ਜ਼ਰੂਰੀ ਹੈ। ਉਦੋਂ ਤੀਕ ਜਦੋਂ ਤੀਕ ਲਾਵੇ ਦੀਆਂ ਆਸਾਂ ਨਾ ਬਣ ਜਾਣ।

ਜਿਸ ਅਜ਼ਾਦੀ ਦੀ ਵਾਗਡੋਰ, ਭਗਤ ਸਿੰਘ ਤੇ ਉਸਦੇ ਸਾਥੀਆਂ ਹੱਥ ਆਉਣੀ ਚਾਹੀਦੀ ਸੀ, ਉਹ ਗਾਂਧੀ ਦੇ ਪੁੱਤਾਂ ਧੀਆਂ ਦੇ ਹੱਥ ਚਲੀ ਗਈ। ਤੇ ਫਿਰ ਦੋਤਿਆਂ ਪੋਤਿਆਂ ਦੇ ਹੱਥ। ਅੱਧਾ ਅਰਬ ਅਬਾਦੀ ਹਰ ਚੀਜ਼ ਤੋਂ ਆਤਰ ਹੈ। ਪਰ ਉਹ ਗਾਂਧੀ ਭਗਤ ਬਣੀ ਖਲੋਤੀ ਹੈ। ਜੋ ਗੁਲਾਮੀ ਨੂੰ ਮਾਨਸਕ ਪੱਧਰ ਤੇ ਪ੍ਰਵਾਨ ਕਰਕੇ ਆਪਣੀ ਅਜ਼ਾਦੀ ਤੇ ਖੁਸ਼ੀਆਂ ਜਾਂ ਲੋੜੀਂਦੀਆਂ ਵਸਤਾਂ, ਮੰਦਰਾਂ, ਗੁਰਦੁਆਰਿਆਂ, ਮੱਠਾਂ, ਮਸੀਤਾਂ, ਠਾਕਰ ਗੁਰਦੁਆਰਿਆਂ, ਤੀਰਥਾਂ, ਸਾਧੂਆਂ ਸੰਤਾਂ, ਚੇਲਿਆਂ, ਜੋਗੀਆਂ, ਅਵਤਾਰਾਂ, ਭਗਵਾਨਾਂ, ਮੜ੍ਹੀਆਂ ਮਸਾਣਾਂ ਕੋਲੋਂ ਪ੍ਰਾਪਤ ਕਰਨ ਵਿਚ ਰੁੱਝੀ ਹੋਈ ਹੈ। ਵੱਡਿਆਂ ਵੱਡਿਆਂ ਡੇਰਿਆਂ ਨੇ, ਜੋ ਸਰਮਾਏਦਾਰੀ ਦੇ ਜੰਮਪਲ ਹਨ, ਸਮੂਹ ਜੰਤਾ ਨੂੰ, ਕੀੜਿਆਂ ਦੇ ਭੌਣਾਂ 'ਚਚੌਲ ਪਾਉਣ ਲਾਇਆ ਹੋਇਆ ਹੈ ਤੇ ਆਮ ਲੋਕਾਂ ਦੀ ਕਮਾਈ ਨਾਲ ਕਰੋੜਾਂ ਅਰਬਾਂ ਰੁਪਏ ਦੇ ਧਰਮ ਸਥਾਨ ਉਸਾਰ ਰਹੇ ਹਨ/ਠਾਠਾਂ ਉਸਾਰ ਰਹੇ ਹਨ। ਇਕੱਲੇ ਬੰਗਲਾ ਸਾਹਿਬ ਗੁਰਦੁਆਰੇ ਦੇ ਸੋਨੇ ਨਾਲ ਸਿੱਖ ਸ਼ਰਨਾਰਥੀਆਂ ਨੂੰ ਰੋਟੀ ਕੱਪੜਾ ਤੇ ਮਕਾਨ ਦਿੱਤਾ ਜਾ ਸਕਦਾ ਸੀ। ਇਕ ਮੰਦਰ ਵਿਚ 60-

65 ਕੁਵਿੰਟਲ ਸੋਨਾ ਪਿਆ ਹੈ ਤੇ ਬਨਾਰਸ ਦੇ ਇਕ ਮੰਦਰ ਵਿਚ 28 ਮਣ ਸੋਨਾ। ਪਹਾੜਾਂ ਦੀ ਕਿਸੇ ਥਾਂ ਤੇ 30 ਫੁੱਟ ਦੇ ਕਰੀਬ ਉਚੀ ਸੋਨੇ ਦੀ ਮੂਰਤੀ ਹੈ। ਇਕੱਲੀ ਸ਼ਰੋਮਣੀ ਕਮੇਟੀ ਦਾ ਬੱਜਟ ਹਿਮਾਚਲ ਸਰਕਾਰ ਜਿੰਨਾਂ ਹੈ। ਦੂਜੇ ਪਾਸੇ ਸਰਕਾਰ 250 ਕਰੋੜ ਰੁਪਏ ਤਾਂ ਗੰਗਾ ਪਵਿੱਤਰ ਕਰਨ ਵਾਸਤੇ ਰੱਖ ਰਹੀ ਹੈ ਤੇ ਏਨੀ ਰਕਮ ਹੀ ਵਿੱ ਦਿਆ ਤੇ ਖਰਚਣ ਲਈ। ਸਾਥੀਓ ਇਨਕਲਾਬ ਕਿੱਧਰੋਂ ਵੜੇਗਾ ?

. ਸੋ ਸੱਜਣੋਂ, ਮੇਰਾ ਨਿੱਜੀ ਵਿਚਾਰ ਹੈ ਕਿ ਇਨਕਲਾਬੀ ਹੋਣ ਦੇ ਨਾਲ ਨਾਲ ਇਹ ਸੋਚਣਾ ਵੀ ਬਣਦਾ ਹੈ ਕਿ ਅਸੀਂ ਸਿਰਫ਼ ਮਰ ਮਿਟਣ ਲਈ ਹੀ ਪੈਦਾ ਨਹੀਂ ਹੋਏ ਹਾਂ। ਢੁੱਕਵੇਂ ਤੇ ਯੋਗ ਹਾਲਤਾਂ ਦੀ ਇਕ ਕੁਰਬਾਨੀ, ਹਜ਼ਾਰਾਂ ਕੁਰਬਾਨੀਆਂ ਨੂੰ ਛੱਡ ਜਾਂਦੀ ਹੈ। ਉਸ ਲਈ ਤਿਆਰ ਰਹੋ, ਪਰੰਤੂ ਬੇਵਕਤ ਮਰ ਜਾਣਾ, ਜ਼ਾਲਮ ਰਾਜ ਦੀ ਉਮਰ ਲੰਬੀ ਕਰਨਾ ਹੈ।

ਮੇਰਾ ਭਾਵ ਹੈ ਕਿ ਕੁਰਬਾਨੀ ਦੇ ਅਰਥਾਂ ਨੂੰ ਵਿਸ਼ਾਲਤਾ ਦਿਉ। ਇਸਨੂੰ ਮੌਤ ਤੱਕ ਸੀਮਤ ਨਾ ਕਰੋ। ਸਰਮਾਏਦਾਰੀ ਪ੍ਰਬੰਧ ਆਪਣੀ ਉਮਰ ਲੰਬੀ ਕਰਨ ਲਈ, ਸਮਾਜਵਾਦੀ ਸੂਰਮਿਆਂ ਨੂੰ ਬਲਦੀ ਦੇ ਬੂਥੇ ਡਾਹੁਣ ਲਈ ਇਨਕਲਾਬੀ ਦਿਮਾਗਾਂ ਨਾਲੋਂ ਬਹੁਤ ਜ਼ਿਆਦਾ ਸੁਚੇਤ ਤੇ ਕਾਮਯਾਬ ਹੈ। ਉਹ ਕਦੀ ਵੀ ਨਹੀਂ ਚਾਹੁੰਦੀ ਕਿ ਕੋਈ ਸੂਰਮਾ ਜਾਂ ਗਦਰੀ ਵਾਪਸ ਜਿਉਂਦਾ ਰਹਿ ਕੇ ਉਸ ਲਈ ਵਖਤ ਖੜਾ ਕਰੇ। ਤੇ ਉਸਦੇ ਨੱਕ 'ਚ ਦਮ ਕਰੀ ਰੱਖੇ। ਬੇਸ਼ੱਕ ਖਤਮ ਕਰਕੇ ਮਗਰੋਂ ਉਸਨੂੰ ਬੁੱਤ ਬਣਾ ਕੇ ਪੂਜਣਾ ਕਿਉਂ ਨਾ ਪਵੇ ਤੇ ਫੁੱਲ ਮਾਲਾਵਾਂ ਕਿਉਂ ਨਾ ਚੜ੍ਹਾਉਣੀਆਂ ਪੈਣ।

ਸੋ ਸਾਥੀਓ ਸੁਚੇਤ ਹੋਵੋ। ਇਤਿਹਾਸ ਦੇ ਪੰਨਿਆਂ 'ਚੋਂ ਕੁਝ ਸਿੱਖੋ। ਬੇਵਕਤ ਮੌਤ ਰੰਗ ਨਹੀਂ ਬੰਨਾਉਂਦੀ। ਸਗੋਂ ਜ਼ਾਲਮ ਰਾਜ ਨੂੰ ਬੇਡਰ ਹੋ ਕੇ ਤੁਰਨ ਦਾ ਹੌਂਸਲਾ ਦਿੰਦੀ ਹੈ। ਭਿੰਡਰਾਂਵਾਲਾ (ਗਲਤ ਜਾਂ ਠੀਕ) ਜਿਉਂਦਾ ਸੀ ਤਾਂ ਸਾਰੇ ਭਾਰਤ ਤੇ, ਵੱਡੀ ਤੋਂ ਵੱਡੀ ਤਾਕਤ ਤੇ ਇਕ ਭੈਅ ਇਕ ਸਹਿਮ ਛਾਇਆ ਹੋਇਆ ਸੀ। ਮੂਤ ਕਰਨ ਜਾਣ ਲਈ, ਗੋਲੀਆਂ ਬੰਦੂਕਾਂ ਦੀ ਛਾਂ ਚਾਹੀਦੀ ਸੀ। ਪਰ ਉਸਦੇ ਮਰਨ ਤੋਂ ਬਾਅਦ ਉਹਨਾਂ ਵੀ ਮਨ-ਆਈਆਂ ਕੀਤੀਆਂ ਜਿੰਨ੍ਹਾਂ ਘਰ ਦੀ ਕਦੀ ਚੂਹੀ ਨਹੀਂ ਸੀ ਮਾਰੀ। (ਇਹ ਉਦਾਹਰਣ ਸਿਰਫ਼ ਇਕ ਸੂਰਮੇ ਦੀ ਜਿਉਂਦੇ ਜੀਅ ਸ਼ਕਤੀ ਲਈ ਦੇ ਰਿਹਾ ਹਾਂ ਉਸਦੇ ਕੰਮਾਂ ਜਾਂ ਮੰਤਵਾਂ ਨਾਲ ਸਾਡਾ ਕੋਈ ਸਰੋਕਾਰ ਨਹੀਂ)।

ਤਾਂ ਫਿਰ ਚਾਹੀਦਾ ਇਹ ਹੈ ਕਿ ਸਮਾਜਵਾਦੀ ਭੂਤ ਹਰ ਗਲੀ ਤੇ ਹਰ ਮੋੜ ਤੇ ਛਲੇਡਾ ਬਣ ਕੇ ਤੁਰਨ ਤੇ ਸਮਾਂ ਪੈਣ ਤੇ ਕੁਝ ਕਰ ਗੁਜ਼ਰਨ। ਮੈਂ ਸਮਝਦਾ ਹਾਂ ਕਿ ਲੋਕ ਕੁਹਰਾਮ ਤਿਆਰ ਕਰਨਾ ਵੀ ਵੱਡੀ ਕੁਰਬਾਨੀ ਹੈ। ਤੇ ਇਸ ਕੁਹਰਾਮ ਨੂੰ ਪ੍ਰਾਪਤੀਆਂ ਦੇ ਦੌਰ 'ਚ ਪਹੁੰਚਾਣ ਲਈ ਕਿਸੇ ਵੀ ਮਨੁੱਖ ਦੀ ਕੁਰਬਾਨੀ ਮਹਾਨ ਹੋਵੇਗੀ। ਪਰ ਐਨ ਲੋੜ ਅਤੇ ਢੁੱਕਵੇਂ ਸਮੇਂ। ਜਦੋਂ ਮੰਜ਼ਲ ਕਦਮਾਂ 'ਚ ਹੋਵੇ।

ਇਕ ਪਾਸੇ ਲੋਕ ਤਾਂ ਫੋਕਿਆਂ ਝੂਠਿਆਂ ਲਾਰਿਆਂ ਅਤੇ ਨਾਹਰਿਆਂ ਨਾਲ ਹੀ ਜ਼ਾਲਮ ਤੋਂ ਖੱਲ ਲੁਹਾਈ ਜਾ ਰਹੇ ਹਨ। ਇਹਨਾਂ ਹਾਲਤਾਂ 'ਚ ਇਕ ਵੀ ਸਮਾਜਵਾਦੀ ਦਾ ਰਾਹਾਂ 'ਚ ਗੁਆਚ ਜਾਣਾ ਜਨਤਕ ਲਹਿਰ ਦੇ ਹਿੱਤ ਵਿਚ ਨਹੀਂ ਜਾਏਗਾ।

ਇਹ ਮਾਮਲਾ ਸਮਾਜਵਾਦੀ ਬੁੱਧੀਜੀਵੀਆਂ ਦਾ ਧਿਆਨ ਮੰਗਦਾ ਹੈ। ਮੈਂ ਕੁਰਬਾਨੀ ਦੇ ਸੰਸਕਾਰਾਂ ਦੇ ਉਲਟ ਇਕ ਵਿਚਾਰ ਦੇ ਰਿਹਾ ਹਾਂ। ਮਸਲਾ ਜ਼ਰੂਰ ਪੇਸ਼ ਹੈ। ਕਿਸੇ ਨਤੀਜੇ ਤੇ ਤਾਂ ਪਹੁੰਚਣਾ ਹੀ ਹੋਵੇਗਾ। ਠੀਕ ਜਾਂ ਗਲਤ ਦਾ ਨਿਰਨਾ ਤਾਂ ਲੈਣਾ ਹੀ ਹੋਵੇਗਾ, ਤਾਂ ਜੋ ਬੇਲੋੜੀ ਮਾਰ ਤੋਂ ਬਚਿਆ ਜਾ ਸਕੇ ਤੇ ਸੰਘਰਸ਼ ਜਾਰੀ ਰੱਖਿਆ ਜਾ ਸਕੇ। ਆਖਰ ਇਹ ਸੋਚਣਾ ਹੀ ਹੋਵੇਗਾ ਕਿ ਏਨੀਆਂ ਕੁਰਬਾਨੀਆਂ ਤੋਂ ਬਾਦ ਵੀ ਸਰਮਾਏਦਾਰੀ ਅਮਰ ਵੇਲ ਵਾਂਗ ਸਾਡੇ ਹੀ ਸਿਰਾਂ ਤੇ ਕਿਉਂ ਚੜ੍ਹੀ ਜਾ ਰਹੀ ਹੈ। ਕੀ ਅਸੀਂ ਤਾਂ ਉਸਨੂੰ ਤਾਕਤ ਨਹੀਂ ਦੇ ਰਹੇ ? ਤੇ ਜੰਤਾ, ਸਰਮਾਏਦਾਰ ਲੋਕਾਂ ਦੀਆਂ ਝੂਠੀਆਂ ਬਕਵਾਸ ਚਾਲਾਂ 'ਚ ਕਿਉਂ ਫਸੀ ਤੁਰੀ ਜਾ ਰਹੀ ਹੈ। ਬਿਨਾਂ ਕੋਈ ਰੋਸ ਕੀਤਿਆਂ। o

[ਸਫਾ 6 ਦੀ ਬਾਕੀ]

ਉਸ ਦੇ ਭਾਸ਼ਨ ਵਿਚ ਅਣਕੱਜੀ ਧਮਕੀ ਸੀ, 'ਪੰਜਾਬ ਦੀ ਸਮਸਿਆ ਲਈ ਅਸੀਂ ਕੁਝ ਵੀ ਕਰ ਸਕਦੇ ਹਾਂ।" ਇਸ ਕੁਝ ਵੀ ਦੇ ਅਰਥਾਂ ਨੂੰ ਸਮਝਣ ਲਈ ਨਵੰਬਰ 1984 ਦੀ ਭਿਆਨਕਤਾ ਨੂੰ ਚੇਤੇ ਕਰਨ ਦੀ ਲੋੜ ਹੈ।

ਅਸੀਂ ਇਥੇ ਇਹ ਸਪਸ਼ਟ ਕਰ ਦੇਣਾ ਚਾਹੁੰਦੇ ਹਾਂ ਕਿ ਸਾਡਾ ਮਨਸ਼ਾ ਭਿੰਡਰਾਂਵਾਲੇ ਦੇ ਹਮਾਇਤੀਆਂ ਵਲੋਂ ਕੀਤੀ ਹਿੰਸਾ ਅਤੇ ਫੈਲਾਈ ਦਹਿਸ਼ਤ ਨੂੰ ਨਿਆਂਏ ਉਚਿਤ ਠਹਿਰਾਉਣਾ ਬਿਲਕੁਲ ਨਹੀਂ। ਪਰ ਅਸੀਂ ਇਕ ਗੱਲੋਂ ਮੁਤਫਿਕ ਹਾਂ ਕਿ ਸਰਕਾਰ ਵਲੋਂ ਢਾਹੀ ਗਈ ਹਿੰਸਾ ਅਤੇ ਦਹਿਸ਼ਤ ਕਿਸੇ ਵੀ ਤਰ੍ਹਾਂ ਨਿਆਂਇ ਉਚਿਤ ਨਹੀਂ। ਜਦੋਂ ਤਥਾਕਥਿਤ ਦਹਿਸ਼ਤ-ਪਸੰਦ ਬੇਕਸੂਰ ਲੋਕਾਂ ਉਪਰ ਹਿੰਸਾ ਕਰਦੇ ਹਨ ਤਾਂ ਉਹਨਾਂ ਨੂੰ ਫੜਿਆ ਜਾਂ ਸਕਦਾ ਹੈ, ਮੁਕਦਮੇ ਚਲਾ ਕੇ ਉਹਨਾਂ ਨੂੰ ਸਜ਼ਾ ਦਿਤੀ ਜਾ ਸਕਦੀ ਹੈ ਜਾਂ ਦੂਜੇ ਪਾਸੇ ਉਹ 'ਮੁਕਾਬਲਿਆਂ' ਵਿਚ ਮਾਰੇ ਜਾ ਸਕਦੇ

ਹਨ। ਦੂਜੇ ਸ਼ਬਦਾਂ ਵਿਚ ਉਹਨਾਂ ਦੀਆਂ ਕਾਰਵਾਈਆਂ ਉਪਰ ਕਾਬੂ ਪਾਇਆ ਜਾ ਸਕਦਾ ਹੈ। ਪਰ ਜਦੋਂ ਹਕੂਮਤ ਖੁਦ ਹੀ ਬੇਕਸੂਰ ਲੋਕਾਂ ਉਪਰ ਕਿਤੇ ਵਡੇ ਪੈਮਾਨੇ ਤੇ ਹਿੰਸਾ ਅਤੇ ਅਨਿਆਂ ਢਾਉਣ ਤੇ ਤੁਲ ਪਵੇ ਤਾਂ ਵਿਚਾਰੇ ਕੀਹਦੇ ਕੋਲ ਫਰਿਆਦੀ ਹੋਣ ? ਸਰਕਾਰ ਅਤੇ ਇਸਦੇ ਚਿਹਰਾਹੀਣ ਕਰਿੰਦੇ ਕਿਸ ਅੱਗੇ ਜਵਾਬਦੇਹ ਹਨ ?

ਅਕਾਲੀਆਂ ਨੂੰ ਮੁੜ ਮੁੜ ਸੰਵਿਧਾਨ ਦੇ ਚੌਖਟੇ ਅੰਦਰ ਰਹਿਣ ਤੇ ਕੌਮੀ ਏਕਤਾ ਲਈ ਕੰਮ ਕਰਨ ਦੀ ਨਸੀਹਤ ਕੀਤੀ ਜਾਂਦੀ ਹੈ। ਪਰ ਜਾਪਦਾ ਹੈ ਕਿ ਇਹ ਸਭ ਤਰ੍ਹਾਂ ਦੇ ਵਿਰੋਧ ਨੂੰ ਆਪਣੇ ਕਦਮਾਂ 'ਚ ਢਾਹੁਣ ਲਈ ਸਰਕਾਰ ਦੇ ਨਾਅਰੇ ਬਣ ਗਏ ਹਨ। ਅਕਾਲੀਆਂ ਵਲੋਂ ਕੀਤੇ ਗਏ ਕਿਸੇ ਵੀ ਅੰਦੋਲਨ ਨੂੰ ਰਾਸ਼ਟਰ ਵਿਰੋਧੀ ਕਾਰਵਾਈ ਗਰਦਾਨਿਆਂ ਜਾਂਦਾ ਹੈ। ਟਾਂਈਮਜ਼ ਆਫ ਇੰਡੀਆ ਦੀ ਰਿਪੋਰਟ ਜਿਸ ਦਾ ਪਹਿਲਾਂ ਹਵਾਲਾ ਦਿੱਤਾ ਗਿਆ ਹੈ ਅਗੋਂ ਕਹਿੰਦੀ ਹੈ, "ਅਕਾਲੀਆਂ ਦੇ ਵਧ ਰਹੇ ਟਕਰਾਉ ਵਾਲੇ ਰਵਈਏ ਦਾ ਇਕ ਹੋਰ ਸਬੂਤ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਅਕਾਲੀ ਦਲ (ਤ) ਪ੍ਰਧਾਨ ਜਗਦੇਵ ਸਿੰਘ ਤਲਵੰਡੀ ਵਲੋਂ ਕੀਤੀ ਗਈ ਸਰਕਾਰ ਦੀ ਆਲੋਚਨਾ ਹੈ।" ਜ਼ਾਹਰਾ ਤੌਰ ਤੇ ਲੇਖਕ ਦਾ ਵਿਸ਼ਵਾਸ ਹੈ ਕਿ ਆਲੋਚਨਾ ਆਪਣੇ ਆਪ ਵਿਚ ਟਕਰਾਉ ਹੈ ਅਤੇ ਇਸ ਲਈ ਨਿੰਦਣ-ਯੋਗ ਹੈ।

ਇਥੇ ਅਸੀਂ ਇਹ ਚੇਤੇ ਕਰਾਉਣਾ ਚਾਹਾਂਗੇ ਕਿ ਹਾਕਮ ਪਾਰਟੀ ਅਤੇ ਸਰਕਾਰੀ ਮਸ਼ੀਨਰੀ ਵਲੋਂ ਸੰਵਿਧਾਨ ਖਾਸ ਕਰ ਇਸ ਦੇ ਉਹਨਾਂ ਹਿੱਸਿਆਂ ਦੀ ਜੋ ਦੇਸ਼ ਦੇ ਲੋਕਾਂ ਨੂੰ ਕੁਝ ਘੱਟੋ ਘਟ ਹੱਕ ਦੇਣ ਦੀ ਜ਼ਾਮਨੀ ਭਰਦੇ ਹਨ, ਦੀ ਉਲੰਘਣਾ ਦਾ ਨਿਰੰਤਰ ਅਤੇ 'ਸ਼ਾਨਦਾਰ' ਰਿਕਾਰਡ ਹੈ। ਕੀ ਹਰਮੰਦਰ ਸਾਹਿਬ ਤੇ ਹਮਲਾ ਸੰਵਿ-ਧਾਨਕ ਸੀ ? ਕੀ ਅਸਾਮ ਵਿਚ ਚੋਣਾਂ ਕਰਾਉਣ ਦਾ ਢੰਗ ਸੰਵਿਧਾਨਕ ਸੀ ? ਕੀ ਬੂਥਾਂ ਤੇ ਕਬਜ਼ਾ, ਜੋ ਹਾਕਮ ਪਾਰਟੀ ਸਦਾ ਕਰਦੀ ਆਈ ਹੈ, ਸੰਵਿਧਾਨਕ ਹੈ ? ਕੀ ਕਾਂਗਰਸ ਪਾਰਟੀ ਦਾ ਖਜ਼ਾਨਾ ਭਰਨ ਲਈ ਕਰੋੜਾਂ ਰੁਪਏ ਇਕੱਠੇ ਕਰਨ ਵਾਸਤੇ ਗੁਪਤ ਕਮਿਸ਼ਨ ਬਦਲੇ ਵਿਦੇਸ਼ੀ ਹਥਿਆਰ ਨਿਰਮਾਤਾ ਫਰਮਾਂ ਨੂੰ ਠੇਕੇ ਦੇਣਾ ਸੰਵਿਧਾਨਕ ਹੈ ? ਕੀ ਨੌਕਰਸ਼ਾਹੀ ਅਤੇ ਪੁਲੀਸ ਦੀ ਕਾਰਗੁਜ਼ਾਰੀ ਹਮੇਸ਼ਾ ਸੰਵਿਧਾਨਕ ਹੁੰਦੀ ਹੈ ? ਕੀ ਨਵੰਬਰ 84 ਵਿਚ ਸਿੱਖਾਂ ਦਾ ਕਤਲੇਆਮ ਸੰਵਿਧਾਨਕ ਸੀ ? ਫ਼ਿਰ ਵੀ ਉਸ ਕਤਲੇਆਮ ਲਈ ਜ਼ਿੰਮੇਵਾਰ ਕੁਝ ਵਿਅਕਤੀ ਅੱਜ ਵੀ ਹਾਕਮ ਪਾਰਟੀ ਦੇ ਸਨਮਾਨੇਂ ਹੋਏ ਨੇਤਾ ਹਨ। ਹਾਕਮ ਪਾਰਟੀ ਸੰਵਿਧਾਨ ਨੂੰ ਅਨਿਆਂ ਨੂੰ ਨਿਆਂ ਵਿਚ ਬਦਲਣ ਲਈ ਜਾਦੂ ਦੀ ਛੜੀ ਵਾਂਗ ਵਰਤਦੀ ਹੈ।

ਮਹਿਜ਼ ਇਸ ਕਰਕੇ ਕਿ ਕੋਈ ਮੁਜਰਮ ਚੋਣ ਜਿਤਣ ਲਈ ਰਾਜ ਸ਼ਕਤੀ ਅਤੇ ਸਰਕਾਰੀ ਮਸ਼ੀਨਰੀ ਦੀ ਵਰਤੋਂ ਕਰਦਾ ਹੈ। ਕੋਈ ਘਟ ਮੁਜਰਮ ਨਹੀਂ ਬਣ ਜਾਂਦਾ, ਬੇਸ਼ਕ ਸਰਕਾਰ ਸਾਨੂੰ ਇਹ ਵਿਸ਼ਵਾਸ ਕਰਾਉਣਾ ਚਾਹੀਦੀ ਹੈ। ਅਜਿਹੀਆਂ ਉਲੰਘਣਾਵਾਂ ਬੇਅੰਤ ਹਨ। ਫਿਰ ਵੀ ਸਮਝਿਆ ਇਹੋ ਜਾ ਰਿਹਾ ਹੈ ਕਿ ਸਿਰਫ ਹਾਕਮ ਜਮਾਤ ਹੀ ਸੰਵਿਧਾਨ ਦੇ ਵਕਾਰ ਨਾਲ ਪ੍ਰਣਾਈ ਹੋਈ ਹੈ, ਮਹਿਜ਼ ਇਸ ਕਰਕੇ ਕਿ ਉਹ ਹਕੂਮਤ ਵਿਚ ਹੈ।

ਇਸ ਤਰਕ ਨਾਲ ਜਿਹੜਾ ਵੀ ਕੋਈ ਹਾਕਮ ਜਮਾਤ ਦੀ ਸ਼ਕਤੀ ਦੀ ਵਿਰੋਧਤਾ ਕਰਦਾ ਹੈ, ਉਸ ਨੂੰ ਸੰਵਿਧਾਨ ਦੀ ਉਲੰਘਣਾ ਦਾ ਦੋਸ਼ੀ ਗਰਦਾਨਿਆਂ ਜਾਂਦਾ ਹੈ। ਅਜੀਬ ਕਿਸਮ ਦੇ ਦੋਹਰੇ ਮਿਆਰ ਰਾਹੀਂ ਹਾਕਮ ਜਮਾਤ ਨੂੰ ਕੌਮ ਨਾਲ ਨਥੀ ਕਰ ਦਿੱਤਾ ਜਾਂਦਾ ਹੈ ਅਤੇ ਹਾਕਮ ਜਮਾਤ ਦੀ ਮੁਖਾਲਫਤ ਨੂੰ ਰਾਸ਼ਟਰੀ ਏਕਤਾ ਨੂੰ ਢਾਹ ਲਾਉਣਾ ਕਰਾਰ ਦਿਤਾ ਜਾਂਦਾ ਹੈ। ਇਥੋਂ ਤੀਕ ਕਿ ਜਿਹੜੇ ਅਕਾਲੀ ਲੀਡਰਾਂ ਨੇ ਸੰਵਿਧਾਨ ਵਿਚ ਨਿਰਧਾਰਤ ਕੀਤੇ ਫੈਡਰਲ ਸਿਧਾਂਤਾਂ ਦੇ ਆਧਾਰ ਤੇ ਕੇਂਦਰ ਰਾਜ ਸਬੰਧਾਂ ਦੇ ਮੁੜ-ਗਠਨ ਤੋਂ ਵਧ ਕਾਸੇ ਦੀ ਮੰਗ ਨਹੀਂ ਕੀਤੀ ਉਨ੍ਹਾਂ ਉਪਰ ਵੀ ਰਾਸ਼ਟਰ-ਵਿਰੋਧੀ ਹੋਣ ਦਾ ਠੱਪਾ ਲਾ ਦਿਤਾ ਗਿਆ ਹੈ। ਵਾਸਤਵ ਵਿਚ ਇੰਦਰਾ ਅਤੇ ਰਾਜੀਵ ਗਾਂਧੀ ਵੱਲੋਂ ਕੇਂਦਰ ਵਿਚ ਸ਼ਕਤੀਆਂ ਦੇ ਕੇਂਦਰੀਕਰਣ ਨੂੰ ਸੰਵਿਧਾਨ ਤੋਂ ਬੇ-ਮੁਖਤਾ ਕਹਿਣਾ ਵਧੇਰੇ ਹੱਕ ਬਜਾਨਬ ਹੈ।

ਲੋਕਤੰਤਰ ਦੇ ਫੰਡਿਆਂ ਦੇ ਬਾਵਜੂਦ ਜਿਸ ਤੰਤਰ ਵਿਚ ਅਸੀਂ ਰਹਿ ਰਹੇ ਹਾਂ ਹਕੂਮਤ ਵਿਚ ਹੋਣਾ ਇਕ ਵਖਰਾ ਵਰਮ ਬਣਨਾ ਹੈ। ਸਾਡੇ ਦੇਸ਼ ਵਿਚ ਰਾਜਨੀਤੀ ਦੇ ਵਧ ਰਹੇ ਮੁਜਰਮੀ ਕਰਣ ਲਈ ਜ਼ਿੰਮੇਦਾਰ ਇਹ ਇਕ ਅਹਿਮ ਤੱਤ ਹੈ ਅਤੇ ਮੁਜਰਮੀ ਕਰਣ ਸਿਖਰ ਤੋਂ ਫੁਟਦਾ ਹੈ। ਇਹੀ ਕੁਝ ਵਿਸ਼ੇਸ਼ ਵਿਅਕਤੀਆਂ ਦੇ ਖਤਰਨਾਕ ਦੈਵੀ-ਕਰਣ ਅਤੇ ਉਨ੍ਹਾਂ ਨੂੰ ਰਾਸ਼ਟਰ ਦੇ ਰਹਸ-ਮਈ ਵਜੂਦ ਨਾਲ ਇਕਮਿਕ ਕਰਨ ਲਈ ਜ਼ਿੰਮੇਵਾਰ ਹੈ।

ਅਕਾਲੀਆਂ ਅਤੇ ਸਰਕਾਰ ਦਰਮਿਆਨ ਟੱਕਰ ਦਾ ਜ਼ਿਕਰ ਕਰਦਿਆਂ ਜੇ ਅਸੀਂ ਹੇਠ ਲਿਖੀਆਂ ਗੱਲਾਂ ਨੂੰ ਮੱਦੇਨਜ਼ਰ ਰਖੀਏ ਤਾਂ ਬਹੁਤ ਅਰਥਪੂਰਣ ਹੋਵੇਗਾ;

o ਕਿ ਅਸੀਂ ਟੱਕਰ ਨੂੰ ਬੰਬਈਆ ਫਿਲਮ ਵਡ-ਮੂਲੇ ਵਾਂਗ ਘਟਾ ਕੇ ਨਾ ਵੇਖੀਏ। ਅੱਜ ਸਰਕਾਰ ਅਤੇ ਇਸ ਦੇ ਨੇਤਾਵਾਂ ਨੂੰ ਕਥਾ ਦੇ ਮਹਾਨ ਹੀਰੋ ਅਤੇ ਅਕਾਲੀਆਂ ਨੂੰ ਦੁਸਟ ਖਲਨਾਇਕ ਅਤੇ ਸੱਧੇ ਜਾਣ ਯੋਗ ਸਮਝੇ ਜਾਣ ਦੀ ਬ੍ਰਿਤੀ ਪ੍ਰਬਲ ਹੈ। ਬਿਨਾਂ ਸ਼ਕ ਅਕਾਲੀਆਂ

ਨੇ ਗੈਰ ਜ਼ਿੰਮੇਦਾਰਾਨਾ ਗਲਤੀਆਂ ਕੀਤੀਆਂ ਹਨ ਅਤੇ ਉਨ੍ਹਾਂ ਦੀ ਉਹ ਕੀਮਤ ਵੀ ਅਦਾ ਕਰ ਰਹੇ ਹਨ। ਪਰੰਤੂ ਸਰਕਾਰ ਅਤੇ ਹਾਕਮ ਜਮਾਤ ਨੇ ਉਸ ਤੋਂ ਕਿਤੇ ਭਿਆਨਕ ਅਤੇ ਜਾਣ ਬੁਝ ਕੇ ਬੱਜਰ ਭੁਲਾਂ ਕੀਤੀਆਂ ਹਨ ਅਤੇ ਇਨ੍ਹਾਂ ਦੀ ਕੀਮਤ ਦੂਜਿਆਂ ਨੂੰ ਚੁਕਾਉਣ ਲਈ ਮਜਬੂਰ ਕਰ ਰਹੀ ਹੈ। ਇਸ ਕਾਸੇ ਦੇ ਮੱਦੇ ਨਜ਼ਰ ਇਹ ਜ਼ਰੂਰੀ ਹੈ ਕਿ ਸਰਕਾਰ ਨੂੰ ਨਿਰਪਖ ਅਤੇ ਨਿਆਂਏਸ਼ੀਲ ਸੱਤਾ ਨਾ ਸਮਝ ਕੇ ਇਸ ਸਮੱਸਿਆ ਦੇ ਇਕ ਹਿੱਸੇ ਵਜੋਂ ਸਮਝਿਆ ਜਾਵੇ।

o ਕਿ ਅਕਾਲੀ ਦਲ ਅਖੰਡ ਪਾਰਟੀ ਨਹੀਂ ਹੈ, ਇਸ ਦੇ ਆਗੂ ਵਖ ਵਖ ਬੋਲੀਆਂ ਬੋਲਦੇ ਹਨ। ਸੰਤ ਲੌਂਗੋਵਾਲ ਨੂੰ ਠੀਕ ਉਸੇ ਤਰ੍ਹਾਂ ਚੌਹਾਨ ਦੇ ਵਿਚਾਰਾਂ ਲਈ ਜਵਾਬਦੇਹ ਨਹੀਂ ਜਿਵੇਂ ਸਾਰੇ ਹਿੰਦੂ ਇਕ ਮੋਟਰਕਾਰ ਜਾਂ ਕਿਸੇ ਇਕ ਕਾਰਾਗਰੀ ਦੇ ਵਿਚਾਰਾਂ ਲਈ ਜ਼ਿੰਮੇਵਾਰ ਨਹੀਂ।

o ਕਿ ਸਾਨੂੰ ਸਰਕਾਰ ਦੇ ਵਿਹਾਰ ਅਤੇ ਆਮ ਸ਼ਹਿਰੀ ਦੇ ਵਿਹਾਰ ਦੀ ਪਰਖ ਲਈ ਵੱਖ ਵੱਖ ਮਿਆਰ ਨਹੀਂ ਵਰਤਣੇ ਚਾਹੀਦੇ। ਦਹਿਸ਼ਤਪਸੰਦਾਂ ਵਲੋਂ ਕੀਤੇ ਜਾਂਦੇ ਕਤਲਾਂ ਨੂੰ ਬੰਦ ਕੀਤੇ ਜਾਣ ਅਤੇ ਨਿੰਦੇ ਜਾਣ ਦੀ ਲੋੜ ਹੈ ਪਰ ਸਾਨੂੰ ਸਰਕਾਰ ਵਲੋਂ ਕੀਤੇ ਕਤਲਾਂ ਦੀ ਨਿਖੇਧੀ ਕਰਨ ਪ੍ਰਤੀ ਵੀ ਉਨੇ ਹੀ ਚੇਤੰਨ ਹੋਣਾ ਚਾਹੀਦਾ ਹੈ। ਸਿਰਫ ਇਸ ਕਰਕੇ ਕਿ ਸਰਕਾਰ ਕਤਲ ਅਤੇ ਤਸ਼ੱਦਦ ਲਈ ਫੌਜ ਤੇ ਪੁਲੀਸ ਦੀ ਵਰਤੋਂ ਕਰਦੀ ਹੈ, ਕੋਈ ਘੱਟ ਨਿੰਦਨੀਯ ਨਹੀਂ ਬਣ ਜਾਂਦੀ। ਇਸ ਕਰਕੇ ਸਾਨੂੰ ਪੰਜਾਬ ਵਿਚ ਫੌਜੀ ਕਾਰਵਾਈ ਅਤੇ ਨਵੰਬਰ ਦੇ ਫਸਾਦਾਂ ਵਿਚ ਸਿੱਖਾਂ ਦੇ ਕਤਲੇਆਮ ਲਈ ਨਿਆਂਏ-ਉਚਿਤਾ ਦੀ ਤਲਾਸ਼ ਨਹੀਂ ਚਾਹੀਦੀ। ਅਜਿਹੀਆਂ ਸਬਕ-ਸਿਖਾਊ ਕਾਰਵਾਈਆਂ ਸਾਡੇ ਸਮਾਜਕ ਅਤੇ ਰਾਜਸੀ ਜੀਵਨ ਦੇ ਇਕ ਆਮ ਮੁਜਰਮ ਦੀਆਂ ਕਾਰਵਾਈਆਂ ਨਾਲੋਂ ਵਧੇਰੇ ਭੈੜੀ ਤਰ੍ਹਾਂ ਮਜਰਮੀਕਰਨ ਕਰੇਗੀ।

o ਸੰਵਿਧਾਨ ਜਾਂ ਰਾਸ਼ਟਰ ਨੂੰ ਸਭ ਚੀਜ਼ਾਂ ਦਾ ਮਾਪਦੰਡ ਬਣਾਉਣ ਦੀ ਬਜਾਏ ਇਹ ਯਾਦ ਰੱਖਣਾ ਬੇਹਤਰ ਹੋਵੇਗਾ ਕਿ ਮਨੁਖੀ ਜੀਵਨ, ਸਨਮਾਨ ਅਤੇ ਸੁਤੰਤਰਤਾ ਨਾਲੋਂ ਕੁਝ ਵੀ ਵਧੇਰੇ ਕੀਮਤੀ ਨਹੀਂ। ਇਨ੍ਹਾਂ ਦੀ ਬਹਾਲੀ ਅਤੇ ਫੈਲਾਉ ਮਨੁਖੀ ਵਤੀਰੇ ਦੀ ਕਸਵਟੀ ਹੈ।

o ਕਿ ਰਾਸ਼ਟਰੀ ਏਕਤਾ ਦੇ ਵਿਚਾਰ ਨੂੰ ਅਕਸਰ ਖਤਰਨਾਕ ਫੰਦੇ ਵਜੋਂ ਵਰਤਿਆ ਜਾਂਦਾ ਹੈ। ਰਾਸ਼ਟਰ ਮਹਿਜ ਇਕ ਰਾਜਨੀਤਕ ਵਜੂਦ ਹੈ ਨਾ ਕਿ ਰੱਬ-ਦਿੱਤੀ ਸਥਾਈ ਸਿਰਜਣਾ। ਰਾਸ਼ਟਰ ਦੀਆਂ ਹਦਬੰਦੀਆਂ ਬਦਲੀਆਂ ਰਹਿੰਦੀਆਂ ਹਨ। ਲੋਕਾਂ ਵਿਚ ਸਥਾਈ ਏਕਤਾ ਕਦੀ ਵੀ ਬੰਦੂਕਾਂ ਅਤੇ ਬਲ ਪ੍ਰਯੋਗ ਨਾਲ ਨਹੀਂ ਹਾਸਲ ਕੀਤੀ ਜਾ ਸਕਦੀ। ਰਾਸ਼ਟਰੀ ਏਕਤਾ ਦੇ ਨਾਂ ਹੇਠ ਮਨੁੱਖੀ ਜਾਨਾਂ ਦੇ ਖਾਤਮੇ ਨਾਲੋਂ ਵੱਖ ਵੱਖ ਭਾਈਚਾਰਿਆਂ ਦਰ-ਮਿਆਨ ਸਹਿ-ਹੋਂਦ ਤੇ ਜ਼ੋਰ ਦੇਣਾ ਕਿਤੇ ਵਧੇਰੇ ਮਹੱਤਵ-ਪੂਰਣ ਹੈ।

(ਇਲਸਟਰੇਟਿਡ ਵੀਕਲੀ 'ਚੋਂ)
ਪੰਜਾਬੀ ਰੂਪ : ਅਮੋਲਕ ਸਿੰਘ
ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ।

---

## ਪਾਠਕ ਲੇਖਕ ਫੋਰਮ

### ਗਿੱਲ ਭਰਾਵਾਂ ਦੀ ਚਿਠੀ ਦੇ ਜੁਆਬ ਵਿਚ ਛਪੀ ਇੰਡੀਅਨ ਪੀਪਲਜ਼ ਫਰੰਟ ਵਾਲੇ ਸਾਥੀਆਂ ਦੀ ਚਿੱਠੀ 'ਤੇ ਟਿੱਪਣੀ

ਜੂਨ 1985 ਦੇ ਸਮਤਾ ਵਿਚ ਛਪੀ ਇੰਡੀਅਨ ਪੀਪਲਜ਼ ਫਰੰਟ ਵਾਲਿਆਂ ਦੀ ਚਿੱਠੀ ਨੂੰ ਪੜ੍ਹਕੇ ਦਿਮਾਗ ਵਿਚ ਉਠੇ ਸੁਆਲਾਂ ਨੇ ਚਿੱਠੀ ਲਿਖਣ ਲਈ ਮਜਬੂਰ ਕੀਤਾ ਹੈ। ਇਸ ਚਿੱਠੀ ਵਿਚ ਇਹਨਾਂ ਸਾਥੀਆਂ ਨੇ ਕੇਂਦਰੀ ਸਰਕਾਰ ਨੂੰ ਲੋਕ ਵਿਰੋਧੀ ਅਤੇ ਤਾਨਾਸ਼ਾਹ (ਜਿਹੜੀ ਕਿ ਬਿਨਾਂ ਸ਼ੱਕ ਇੰਝ ਹੀ ਹੈ) ਸਾਬਤ ਕੀਤਾ ਹੈ ਪਰ ਅਕਾਲੀ ਪਾਰਟੀ ਅਤੇ ਭਿੰਡਰਾਂਵਾਲੇ ਨੂੰ ਲੋਕ ਹਿਤੈਸ਼ੀ ਅਤੇ 'ਮਹਾਨ ਘੁਲਾਟੀਆ' ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਲੋਕੀ ਕਮਿਊਨਿਸਟਾਂ ਵੱਲੋਂ ਇਸ ਤਰ੍ਹਾਂ ਦੀਆਂ ਕਰਤੂਤਾਂ ਦੀ ਆਸ ਨਹੀਂ ਰੱਖਦੇ। ਯਾਦ ਰੱਖੋ ਜਦੋਂ ਲੋਕ, ਲੋਕ ਕਚਹਿਰੀਆਂ ਲਾ ਕੇ ਭਿੰਡਰਾਂਵਾਲੇ, ਅਕਾਲੀਆਂ ਕਾਂਗਰਸੀਆਂ ਅਤੇ ਹੋਰ ਲੁਟੇਰੀਆਂ ਜਮਾਤਾਂ ਦੇ ਲੋਕਾਂ ਨੂੰ ਕਟਹਿਰੇ ਵਿਚ ਖੜੇ ਕਰਨਗੇ ਤਾਂ ਉਦੋਂ ਤੁਹਾਡੇ ਵਰਗੇ ਲੋਕਾਂ ਨੂੰ ਵੀ ਮਾਫ ਨਹੀਂ ਕਰਨਗੇ। ਤੁਸੀਂ ਸਮੇਂ ਸਮੇਂ ਤੇ ਅਕਾਲੀ ਪਾਰਟੀ ਤੇ ਹੋਰ ਇਹੋ ਜਿਹੀਆਂ ਪਾਰਟੀਆਂ ਦੀਆਂ ਪੂਛਾਂ ਬਣਦੇ ਰਹੇ ਹੋ ਅਤੇ ਲੋਕਾਂ ਨਾਲ ਗਦਾਰੀਆਂ ਕਰਦੇ ਰਹੇ ਹੋ। ਜਦ ਤੁਹਾਡੇ ਕੋਲ ਸਭ ਤੋਂ ਉੱਤਮ ਸਿਧਾਂਤ (ਮਾਰਕਸਵਾਦ) ਹੈ ਤਾਂ ਅਕਾਲੀਆਂ ਦੀ ਪੂਛ ਬਣਨ ਦੀ ਕੀ ਲੋੜ ਹੈ? ਕੀ ਤੁਹਾਨੂੰ ਆਪਣੇ ਆਪ ਤੇ ਯਕੀਨ ਨਹੀਂ ਕਿ ਤੁਸੀਂ ਲੋਕਾਂ ਨੂੰ ਆਪਣਾ ਸਿਧਾਂਤ ਮਗਰ ਲਾ ਸਕੋਗੇ।

ਇਸ ਚਿੱਠੀ ਦੇ ਸ਼ੁਰੂ ਵਿਚ ਹੀ ਤੁਸੀਂ ਕਿਹਾ ਹੈ ਕਿ ਪੰਜਾਬ ਸਮੱਸਿਆ ਅਖੌਤੀ 'ਹਰਿਤ ਕਰਾਂਤੀ' ਦਾ ਸਿੱਟਾ ਹੈ। ਕੀ 'ਹਰਿਤ ਕਰਾਂਤੀ' ਦਾ ਸਿੱਟਾ ਸਿਰਫ ਪੰਜਾਬ ਵਿਚੋਂ ਹੀ ਇਹੋ ਜਿਹਾ ਨਿਕਲਣ ਲਈ ਬਚਿਆ

ਹੋਇਆ ਸੀ ? ਕੀ 'ਪੂੰਜੀਦਾਰ ਜੋਤਦਾਰੀ' ਸਿਰਫ ਪੰਜਾਬ ਵਿਚ ਹੀ ਪੈਦਾਵਾਰ ਦੇ ਲਾਭਕਾਰੀ ਮੁੱਲ ਨਾ ਮਿਲਣ-ਕਰਕੇ, ਤਬਾਹ ਹੋਣ ਲੱਗਾ ਸੀ ? ਬਾਕੀ ਰਾਜਾਂ ਵਿਚ ਕਿਹੜੇ ਪੈਦਾਵਾਰ ਦੇ ਲਾਭਕਾਰੀ ਮੁੱਲ ਮਿਲਦੇ ਹਨ ਉਥੇ ਹਰਿਆਣਾ ਸਮੱਸਿਆ ਜਾਂ ਯੂ. ਪੀ. ਸਮੱਸਿਆ ਕਿਉਂ ਨਾਂ ਬਣੀ ? ਜੇ ਅਕਾਲੀ ਪਾਰਟੀ ਸਦੀਉਂ ਹੀ ਲੋਕ ਹਿਤੈਸ਼ੀ ਅਤੇ ਕਿਸਾਨ ਹਿੱਤੂ ਤੇ ਤਾਂ ਮਨ 1977-80 ਤਕ ਕਿਸਾਨਾਂ ਦੀ ਪੈਦਾਵਾਰ ਦੇ ਲਾਭਕਾਰੀ ਮੁੱਲ ਦੇਣ ਲਈ ਕਿਹੜੇ ਕਿਹੜੇ ਉਪਰਾਲੇ ਕੀਤੇ ਸਨ, ਜਦੋਂ ਅਕਾਲੀਆਂ ਦੀ ਪੰਜਾਬ ਵਿਚ ਸਰਕਾਰ ਰਹੀ ਤੇ ਕੇਂਦਰ ਸਰਕਾਰ ਵਿਚ ਵੀ ਹਿੱਸੇਦਾਰੀ ਸੀ। ਅਕਾਲੀਆਂ ਦੀ ਸਰਕਾਰ ਵੇਲੇ (1978) ਤੁਹਾਨੂੰ ਵੀ ਪਤਾ ਹੋਏ ਕਿ ਪੰਜਾਬ ਦੇ ਕਿਸਾਨ ਦੀ ਆਲੂਆਂ ਦੀ ਪੈਦਾਵਾਰ ਦਾ ਕੀ ਹਾਲ ਹੋਇਆ ਸੀ ? ਉਦੋਂ "ਵੱਡੇ ਇਨਕਲਾਬੀ" ਅਕਾਲੀਆਂ ਨੇ ਪੈਦਾਵਾਰ ਦੇ ਲਾਭਕਾਰੀ ਮੁੱਲ ਕਿਉਂ ਨਾ ਦੁਆਏ ? ਉਦੋਂ ਤੋਂ ਸਗੋਂ ਹੱਕਾਂ ਲਈ ਜੂਝਦੇ ਲੋਕਾਂ ਦਾ ਸੁਆਗਤ ਲਾਠੀਆਂ ਗੋਲੀਆਂ ਨਾਲ ਕਰਦੇ ਸਨ (ਅਕਾਲੀ) ਅਤੇ ਹੁਣ ਵੱਡੇ ਹੱਕਾਂ ਦੇ ਰਾਖੇ ਬਣ ਗਏ। ਮਹਾਨ ਘੁਲਾਟੀਆਂ ਨੂੰ ਘੁਲਾਟੀਆਂ ਦਾ ਸਰਟੀਫਿਕੇਟ ਦੇਣ ਵਾਲੇ "ਲਾਲ ਅਕਾਲੀ" ਮਿਲ ਗਏ। ਸਮਾਂ ਤੁਹਾਨੂੰ ਮਾਫ਼ ਨਹੀਂ ਕਰੇਗਾ।

ਤੁਸੀਂ ਲਿਖਿਆ ਹੈ ਕਿ "ਉਹਨਾਂ ਦੀ ਅਸਲੀ ਮੰਗ ਇਹੋ ਸੀ ਕਿ ਪੈਦਾਵਾਰ ਦੀਆਂ ਕੀਮਤਾਂ ਵਧਾਈਆਂ ਜਾਣ ਅਤੇ ਜ਼ਿਮੀਂਦਾਰ ਦੀ ਵਰਤੋਂ ਵਿਚ ਆਉਣ ਵਾਲੀਆਂ ਮਸ਼ੀਨਾਂ ਦੇ ਮੁੱਲ ਘਟਾਏ ਜਾਣ"। ਜੇ ਅਸਲੀ ਮੰਗ ਇਹ ਸੀ ਤਾਂ ਮੋਰਚੇ ਦਾ ਨਾਂ 'ਧਰਮ ਯੁਧ' ਕਾਹਨੂੰ ਰਖਿਆ ਗਿਆ ਸੀ। ਅਕਾਲੀਆਂ ਵੱਲੋਂ ਵਾਰ ਵਾਰ 'ਪੰਥ ਨੂੰ ਖਤਰਾ' ਸਿੱਖਾਂ ਨਾਲ ਵਿਤਕਰਾ' ਦੀਆਂ ਟਾਹਰਾਂ ਕੀ ਇਸੇ ਅਸਲੀ ਮੰਗ ਨੂੰ ਪੇਸ਼ ਕਰਦੀਆਂ ਹਨ ? ਤੁਹਾਡੀ ਸਮਝ ਨੂੰ ਗ੍ਰਹਿਣ ਕਿਉਂ ਲੱਗ ਗਿਆ ?

ਅੱਗੇ ਜਾ ਕੇ ਲਿਖਿਆ ਹੈ ਕਿ "ਇਸ ਸਾਰੇ ਮੁਆਮਲੇ ਵਿਚ ਅਕਾਲੀ ਦਲ ਖਾਸ ਕਰਕੇ ਭਿੰਡਰਾਂਵਾਲੇ ਹੋਰਾਂ ਦਾ ਕਸੂਰ ਸਿਰਫ਼ ਏਨਾ ਹੀ ਸੀ ਕਿ ਉਹ ਸਰਕਾਰ ਦੀਆਂ ਕੂਟਨੀਤਕ ਚਾਲਾਂ ਨੂੰ ਸਮਝਣ ਵਿਚ ਨਾਕਾਮ ਰਹੇ। ਕਿੰਨੀ ਸ਼ਰਮਨਾਕ ਕੋਸ਼ਿਸ਼ ਹੈ ਨੀਲੇ ਔਰੰਗਜ਼ੇਬ ਨੂੰ ਇਮਾਨ-ਦਾਰ ਅਤੇ ਲੋਕ ਹਿੱਤ ਸਾਬਤ ਕਰਨ ਦੀ। ਯਾਨੀ ਭਿੰਡਰਾਂ-ਵਾਲਾ ਦਿਮਾਨਦਾਰ ਸੀ, ਪਰ ਭੋਲਾ ਸੀ। ਵਿਚਾਰਾ ਸਰਕਾਰ ਦੀਆਂ ਚਾਲਾਂ ਨਹੀਂ ਸਮਝ ਸਕਿਆ। ਭਿੰਡਰਾਂਵਾਲੇ ਵਲੋਂ 5000 ਹਿੰਦੂਆਂ ਨੂੰ ਰਾਤੋ-ਰਾਤ ਮਾਰ ਮੁਕਾਉਣ ਦੀ ਧਮਕੀ, ਕੀ ਉਸ ਮਸੰਦ ਦੀ ਸ਼ੈਤਾਨਾਂ ਵਾਲੀ ਸੋਚ ਬਾਰੇ ਭੋਰਾ ਭਰ ਵੀ ਸ਼ੱਕ ਦੀ ਗੁੰਜਾਇਸ਼ ਛੱਡਦੀ ਹੈ ? ਜਦੋਂ ਭਿੰਡਰਾਂਵਾਲਾ ਹਿਸਾਬ ਕਰਕੇ ਇਕ ਇੱਕ ਸਿੱਖ ਲਈ 35-35 ਹਿੰਦੂ ਕਤਲ ਕਰਨ ਲਈ ਕਹਿੰਦਾ ਹੈ ਤਾਂ ਕੀ ਉਸ ਦਾ ਕਸੂਰ ਸਿਰਫ ਇੰਨਾਂ ਹੀ ਹੈ ਕਿ ਉਹ ਸਰਕਾਰ ਦੀਆਂ ਕੂਟਨੀਤਕ ਚਾਲਾਂ ਨੂੰ ਨਹੀਂ ਸਮਝ ਸਕਿਆ ? ਨਹੀਂ ਉਹ ਸਿੱਖੀ ਸਰੂਪ ਵਾਲਾ ਜਨੂੰਨੀ ਹਿੰਦੂਆਂ-ਸਿਖਾਂ ਵਿੱਚ ਫਿਰਕੂ ਫਸਾਦ ਕਰਾ ਕੇ ਅਮਰੀਕਨ ਸਾਮਰਾਜ ਦੀ ਸੰਸਾਰ ਨੀਤੀ ਨੂੰ ਲਾਗੂ ਕਰਦਾ ਸੀ। ਪਰ ਜੇ ਇਸ ਸਭ ਕਾਸੇ ਨੂੰ ਤੁਹਾਡੀ ਅੱਖ ਨਹੀਂ ਦੇਖ ਸਕਦੀ ਜਾਂ ਜਾਣ ਬੁਝਕੇ ਨਹੀਂ ਦੇਖਦੀ ਤਾਂ ਸਾਡਾ ਕੀ ਕਸੂਰ ਹੈ ?

ਇਹ ਠੀਕ ਹੈ ਕਿ ਸਾਰੀਆਂ ਅਤੰਕਵਾਦੀ ਕਾਰ-ਗੁਜ਼ਾਰੀਆਂ ਵਿਚ ਸਿਰਫ ਮੋਰਚੇ ਵਾਲਿਆਂ ਦਾ ਹੀ ਹੱਥ ਨਹੀਂ ਸੀ, ਸਰਕਾਰ ਆਪਣੇ ਪਾਲਤੂ ਗੁੰਡਿਆਂ ਰਾਹੀਂ ਵੀ ਘੋਲਾਂ ਨੂੰ ਬਦਨਾਮ ਕਰਨ ਲਈ ਹਿੰਸਾ ਦੀ ਖੇਡ ਖੇਡਦੀ ਹੈ। ਪਰ ਸਾਰੀਆਂ ਨਾ ਸਹੀ ਜੋ ਥੋੜੀਆਂ ਕਾਰ-ਗੁਜ਼ਾਰੀਆਂ ਵਿਚ ਵੀ ਹੱਥ ਸੀ ਤਾਂ ਉਹ ਜਾਇਜ਼ ਹੈ ? ਮੋਰਚੇ ਵਾਲੇ ਜੇ ਤੁਹਾਡੇ ਅਨੁਸਾਰ ਇਮਾਨਦਾਰ ਯੋਧੇ ਹਨ ਤਾਂ ਉਹਨਾਂ ਨੇ ਉਹਨਾਂ ਸਾਰੀਆਂ ਅਤੰਕਵਾਦੀ ਕਾਰਵਾਈਆਂ ਦਾ ਦ੍ਰਿੜ੍ਹਤਾ ਨਾਲ ਵਿਰੋਧ ਕਿਉਂ ਨਹੀਂ ਕੀਤਾ ?

ਸਾਥੀ ਜੀ, ਇਸ ਸਮੱਸਿਆ ਲਈ ਪਹਿਲੇ ਦੂਜੇ ਨੰਬਰ ਦੀ ਗੱਲ ਗਲਤ ਹੈ ਬਲਕਿ ਅਕਾਲੀ ਤੇ ਸਰਕਾਰ ਦੋਵੇਂ ਬਰਾਬਰ ਦੇ ਜ਼ਿੰਮੇਵਾਰ ਹਨ। ਪਹਿਲੇ ਦੂਜੇ ਨੰਬਰ ਲਾਉਣ ਨਾਲ ਅਸੀਂ ਦੋ ਡਾਕੂਆਂ ਵਿਚੋਂ ਇਕ ਦੇ ਹੱਕ ਵਿਚ ਭੁਗਤ ਜਾਂਦੇ ਹਾਂ। ਕਾਂਗਰਸ ਪਾਰਟੀ ਨੇ ਆਪਣੀ ਵੋਟ ਸਿਆਸਤ ਦੇ ਤਹਿਤ ਪਹਿਲਾਂ ਭਿੰਡਰਾਂਵਾਲੇ ਦੇ ਆਦਮੀਆਂ ਦੀਆਂ ਅਤੰਕਵਾਦੀ ਕਾਰਵਾਈਆਂ ਨੂੰ ਬੇਰੋਕ-ਹੋਣ ਦਿਤਾ ਅਤੇ ਸ਼ਹਿ ਵੀ ਦਿਤੀ ਅਤੇ ਹਿੰਦੂ ਜਨਸਮੂਹ ਵਿਚ ਲੋੜੀਂਦਾ ਸਹਿਮ ਪੈਦਾ ਕੀਤਾ। ਹਿੰਦੂ ਜਨਸਮੂਹ ਦੇ ਮਨਾਂ ਵਿਚ ਭਿੰਡਰਾਂਵਾਲੇ ਦੇ ਬੰਦਿਆਂ ਦੀਆਂ ਕਰਤੂਤਾਂ ਕਰਕੇ ਇਨ੍ਹਾਂ ਸਹਿਮ ਪੈਦਾ ਹੋ ਗਿਆ ਕਿ ਉਹ ਇਹ ਮਹਿਸੂਸ ਕਰਨ ਲਗਾ ਕਿ ਸਿਖ ਅੱਤਵਾਦੀਆਂ ਤੋਂ ਸਾਨੂੰ ਕੋਈ ਨਹੀਂ ਬਚਾ ਸਕਦਾ। ਇਸ ਸਾਰੀ ਹਾਲਤ ਨੂੰ ਭਾਂਪਕੇ ਕਾਂਗਰਸ ਸਰਕਾਰ ਨੇ ਇਕ ਦਮ ਪੰਜਾਬ ਨੂੰ ਮੁਰਫਤ ਕਰਕੇ ਦਰਬਾਰ ਸਾਹਿਬ ਤੇ ਹਮਲਾ ਕਰਕੇ ਹਿੰਦੂ ਜਨਸਮੂਹ ਦੀ ਹਮਦਰਦੀ ਆਪਣੇ ਵੱਲ ਖਿੱਚ ਲਈ। ਇਸ Blue star Action ਨਾਲ ਹਿੰਦੂ ਜਨਸਮੂਹ ਇਹ ਮਹਿਸੂਸ ਕਰਨ ਲਗਾ ਕਿ ਸਾਡੀ ਰਾਖੀ ਹੋਰ ਕੋਈ ਪਾਰਟੀ ਨਹੀਂ ਬਲਕਿ ਕਾਂਗਰਸ ਪਾਰਟੀ ਹੀ ਕਰ ਸਕਦੀ ਹੈ। ਇਸ ਤਰ੍ਹਾਂ ਕਾਂਗਰਸ ਪਾਰਟੀ ਨੇ Blue star Oper-ation ਨਾਲ ਸਾਰੇ ਦਾ ਸਾਰਾ ਹਿੰਦੂ ਵੋਟ ਬੈਂਕ ਲੁੱਟ ਲਿਆ ਤੇ ਇਹ ਬਾਅਦ ਵਿਚ ਕਰਵਾਏ ਗਏ ਇਲੈਕਸ਼ਨਾਂ ਵਿਚ ਸਾਬਤ ਹੋ ਚੁਕਾ ਹੈ। ਪਰ ਸਿਖ ਅੱਤਵਾਦੀਆਂ ਨੂੰ

ਵਿਦੇਸ਼ੀ ਮਦਦ ਨੂੰ ਖਾਰਜ ਕਰਨਾ ਵੀ ਉਨਾਂ ਹੀ ਗਲਤ ਹੈ ਜਿੰਨਾਂ ਕਿ ਕਾਂਗਰਸ ਪਾਰਟੀ ਦੀ ਵੋਟ ਸਿਆਸਤ ਨੂੰ। ਇਸ ਸਮਸਿਆ ਲਈ ਕਾਂਗਰਸ ਦੀ ਵੋਟ ਸਿਆਸਤ ਤੇ ਵਿਦੇਸ਼ੀ ਅਜੇਂਸੀਆਂ ਦੋਨੋਂ ਜ਼ਿੰਮੇਦਾਰ ਹਨ।

—ਮਹਿੰਦਰ ਮਾਥੀ

## 2-ਗਿੱਲ ਭਰਾਵਾਂ ਦੇ ਸਾਥੀਆਂ ਦੀ ਚਿੱਠੀ ਦਾ ਜੁਆਬ

ਗਿੱਲ ਭਰਾਵਾਂ ਦੇ ਕੁਝ ਸਾਥੀਆਂ ਵੱਲੋਂ ਪਿਛਲੇ ਮਹੀਨੇ 'ਸੁਮਤਾ' ਨੂੰ ਲਿਖੀ ਚਿੱਠੀ ਵਿਚੋਂ ਕੁਝ ਹੋਰ ਨੁਕਤੇ ਉਭਰੇ ਹਨ। ਗਿੱਲ ਭਰਾਵਾਂ ਨੇ ਜਿਥੇ ਖੱਬੀ ਧਿਰ (ਨਕਸਲਬਾੜੀ) ਪ੍ਰਤੀ ਅੰਨ੍ਹੀ ਨਫਰਤ ਉਜਾਗਰ ਕੀਤੀ ਹੈ, ਉਥੇ ਉਹਨਾਂ ਦੇ ਸਾਥੀਆਂ ਵਲੋਂ ਇਸ ਧਿਰ ਨੂੰ ਬਰਾਬਰ ਦੀ ਧਿਰ ਸਮਝ ਕੇ ਦੋਸਤੀ ਪ੍ਰਗਟਾਈ ਹੈ। ਸਾਂਝੇ ਦੁਸ਼ਮਣ (ਕਾਂਗਰਸੀਆਂ) ਖਿਲਾਫ ਇੱਕ ਦੂਜੇ ਨੂੰ ਸਹਿਯੋਗ ਦੇਣ ਦੀ ਲੋੜ ਉਭਾਰੀ ਹੈ।

ਸ਼ੁਰੂ ਵਿਚ ਗਿੱਲ ਭਰਾਵਾਂ ਦੇ ਸਾਥੀਆਂ ਨੇ ਕਿਹਾ ਹੈ ਕਿ ਇਹਨਾਂ ਲਹਿਰਾਂ ਵਿਚ ਜਿਥੇ ਕਾਫੀ ਵਿਰੋਧ ਵੀ ਹੈ, ਪਰ ਇਹ ਜ਼ਿਕਰ ਨਹੀਂ ਕੀਤਾ ਕਿ ਇਹਨਾਂ ਦੋਹਾਂ ਧਿਰਾਂ ਵਿਚ ਵਿਰੋਧ ਕਿਸ ਕਿਸਮ ਦੇ ਹਨ। ਹਾਂ, ਇਥੇ ਸਾਂਝ ਦਾ ਜ਼ਿਕਰ ਕੀਤਾ ਗਿਆ ਹੈ, ਕੀ ਜੇ "ਦੁਸ਼ਮਨ ਇਕ ਹੋਵੇ" ਇਹ ਵਿਰੋਧੀਆਂ ਦੀ ਸਾਂਝ ਦਾ ਕੋਈ ਆਧਾਰ ਬਣਦਾ ਹੈ? ਨਹੀਂ, ਸਿਰਫ ਇਹੀ ਜ਼ਰੂਰੀ ਨਹੀਂ, ਸਗੋਂ ਵਿਰੋਧੀ ਧਿਰਾਂ ਵਲੋਂ ਵਿੱਢੀ ਲੜਾਈ ਦਾ ਮਕਸਦ ਕੀ ਹੈ; ਉਹ ਹਾਸਲ ਕੀ ਤੇ ਕਿਸ ਵਾਸਤੇ ਕਰਨਾ ਚਾਹੁੰਦੇ ਹਨ। ਇਸ ਨੁਕਤਾ-ਬਿੰਦੂ 'ਤੇ ਇੱਕ-ਮਿੱਕਤਾ ਹੀ ਉਹਨਾਂ ਦੀ ਸਾਂਝ ਦਾ ਆਧਾਰ ਬਣਦੀ ਹੈ।

ਬੀਤੇ ਦੀਆਂ ਕੁਝ ਘਟਨਾਵਾਂ ਤੇ ਨਜ਼ਰ ਮਾਰਿਆਂ ਦੋਹਾਂ ਧਿਰਾਂ ਦੀ ਵਿਚਾਰਧਾਰਾ ਅਤੇ ਅਮਲ ਪ੍ਰਤੱਖ ਹੋ ਜਾਂਦਾ ਹੈ। ਲੋਕਾਂ ਪ੍ਰਤੀ ਇਹਨਾਂ ਦੇ ਰਵੱਈਏ ਬਾਰੇ ਸਾਫ ਹੋ ਜਾਂਦਾ ਹੈ।

ਸਿੱਖ ਫ਼ਿਰਕੂ ਦਹਿਸ਼ਤੀ ਕਾਰਵਾਈਆਂ ਨੇ ਲੋਕਾਂ ਦੇ ਕਿਸੇ ਵੀ ਮਸਲੇ ਨੂੰ ਹੱਲ ਨਹੀਂ ਕੀਤਾ। ਸਗੋਂ ਮੋੜਵੇਂ ਰੂਪ ਵਿਚ ਹਿੰਦੂ ਫਿਰਕੂ ਜਨੂੰਨੀਆਂ ਨੂੰ ਸਿੱਖ ਫਿਰਕੇ ਵਿਰੁੱਧ ਜ਼ਹਿਰ ਉਗਲਣ ਦਾ ਮੌਕਾ ਦਿਤਾ ਹੈ। ਦੋਹਾਂ ਤਰ੍ਹਾਂ ਦੇ ਜਨੂੰਨੀਆਂ ਨੇ, ਲੋਕਾਂ 'ਚ ਇਕ ਦੂਜੇ ਖਿਲਾਫ ਫਿਰਕੂ ਜ਼ਹਿਰ ਦਾ ਪ੍ਰਚਾਰ ਕਰਕੇ ਬੇਹੱਦ ਗੰਭੀਰ ਹਾਲਤ ਪੈਦਾ ਕੀਤੀ ਹੈ। ਜਨੂੰਨੀਆਂ ਦੀਆਂ ਇਹਨਾਂ ਕਾਰਵਾਈਆਂ ਨੂੰ, ਹਾਕਮ ਜਮਾਤਾਂ ਨੇ ਲੁਟੇਰੇ ਰਾਜ ਪ੍ਰਬੰਧ ਦੀ ਉਮਰ ਹੋਰ ਵਧਾਉਣ ਲਈ ਵਰਤਿਆਂ ਹੈ ਅਤੇ ਸਿਖੰਰੀ ਚੜ੍ਹਾਇਆ ਹੈ। ਬਿਨ੍ਹਾਂ ਸ਼ੱਕ ਫਿਰਕਾ ਪ੍ਰਸਤੀ ਲੁਟੇਰੀਆਂ ਜਮਾਤਾਂ ਦੇ ਹੱਥ, ਲੋਕਾਂ ਨੂੰ ਪਾੜਣ-ਖਿੰਡਾਉਣ ਅਤੇ ਦਬਾਉਣ ਲਈ ਕਾਰਗਰ ਹਥਿਆਰ ਹੈ। ਜਿਥੇ ਕਾਂਗਰਸ ਨੇ ਆਪਣੀ ਸੱਤਾ ਬਣੀ ਰੱਖਣ ਲਈ ਫਿਰਕੂ ਜਨੂੰਨੀਆਂ ਨੂੰ ਖੁਲ੍ਹੀ ਛੁੱਟੀ ਦੇਈ ਰੱਖੀ ਹੈ, ਉਥੇ ਅਕਾਲੀਆਂ (ਜਨਸੰਘ ਤੇ ਭਾਰਤੀ ਜਨਤਾ ਪਾਰਟੀ ਆਦਿ) ਨੇ ਵੀ ਇਹਨਾਂ ਨੂੰ "ਗੱਦੀ ਪਰਾਪਤੀ" ਵਾਸਤੇ ਵਰਤਣ ਤੋਂ ਗੁਰੇਜ਼ ਨਹੀਂ ਕੀਤਾ।

ਇਕ ਫਿਰਕੇ ਦੇ ਜਨੂੰਨੀ ਅਨਸਰਾਂ ਦੀਆਂ ਦੂਸਰੇ ਫਿਰਕੇ ਵਿਰੋਧੀ ਕਾਤਲ ਕਾਰਵਾਈਆਂ, ਉਸ ਅੰਦਰ ਬੇਵਿਸ਼ਵਾਸੀ ਅੰਤੇ ਅਸੁੱਰਖਿਆ ਦੀਆਂ ਭਾਵਨਾਵਾਂ ਪੈਦਾ ਕਰਦੀਆਂ ਹਨ। ਇਹੀ ਹਾਲਤ, ਲੋਕਾਂ ਦੇ ਵੱਡੇ ਹਿਸੇ ਨੂੰ ਫਿਰਕੂ ਜਨੂੰਨੀਆਂ ਦੀ ਪਰੇਤ ਛਾਇਆ ਹੇਠ ਧੱਕਦੀ ਹੈ। ਅਣਜਾਣੇ ਹੀ ਉਹ ਕਿਸੇ ਇਕ ਫਿਰਕੂ ਪੈਂਤੜੇ ਤੇ ਜਾ ਖੜਦੇ ਹਨ। ਮਿਹਨਤੀ ਲੋਕਾਂ ਦੀ ਵਰਗ ਏਕਤਾ (ਲੁਟੇਰੇ ਵਰਗ ਵਿਰੋਧੀ) ਖਿੰਡਾਉਣ ਲਈ ਲੁਟੇਰੇ ਵਰਗ ਕੋਲ ਇਹ ਵੀ ਇਕ ਹਥਿਆਰ ਹੈ।

ਫਿਰਕੂ ਜਨੂੰਨੀਆਂ ਦੀਆਂ ਕਾਤਲੀ ਕਾਰਵਾਈਆਂ ਜਿੱਡੀ ਸਿਖਰ ਤੇ ਪਹੁੰਚ ਚੁੱਕੀਆਂ ਸਨ, ਹੈਰਾਨ ਹੋਣ ਵਾਲੀ ਗੱਲ ਨਹੀਂ, ਕੁਝ ਵਿਅਕਤੀਆਂ ਦਾ ਕੁਝ ਹੀ ਸਮੇਂ 'ਚ ਉਭਰਨਾ ਫਖਰ ਕਰਨ ਵਾਲੀ ਗੱਲ ਨਹੀਂ। ਪਹਿਲਾਂ ਗੱਲ ਕਿ ਫਿਰਕੂ ਦਹਿਸ਼ਤ ਗਰਦੀ ਦੀ ਜਿੰਨਾ ਚਿਰ ਉਹਨਾਂ ਦੇ ਜਣਦਿਆਂ ਨੂੰ ਲੋੜ ਸੀ, ਉਦੋਂ ਤੋਂ ਲੈ ਕੇ ਇਹ ਚੜ੍ਹਤ ਵਾਲੇ ਦੌਰ ਹੰਢਾ ਚੁੱਕੀ ਹੈ। ਪਰ ਅੱਜ ਜਿਥੇ ਕਾਂਗਰਸੀ ਹੁਕਮਰਾਨਾ ਨੇ ਆਪਣੇ ਪ੍ਰਬੰਧਕੀ ਤਾਣੇ-ਬਾਣੇ ਅਤੇ ਢਾਂਚੇ ਦੀ ਸਥਿਰਤਾ ਨੂੰ ਖਤਰਾ ਮਹਿਸੂਸ ਕਰਦਿਆਂ ਦਹਿਸ਼ਤਪਸੰਦਾਂ ਵਿਰੁੱਧ ਸਖਤੀ ਵਰਤਣੀ ਸ਼ੁਰੂ ਕੀਤੀ ਹੈ। ਉਥੇ ਅਕਾਲੀ ਦਲ ਨੇ ਵੀ ਆਪਣੀਆਂ ਹੀ ਗਿਣਤੀਆਂ ਨਾਲ ਦਹਿਸ਼ਤਪਸੰਦੀ ਦੀ ਨੁਕਤਾਚੀਨੀ ਕਰਨੀ ਸ਼ੁਰੂ ਕੀਤੀ ਹੋਈ ਹੈ। ਅਕਾਲੀਆਂ ਨੇ ਵੀ ਆਪਣੇ ਪਹਿਲੇ ਰਵੱਈਏ 'ਚ ਫਰਕ ਲੈ ਆਂਦਾ ਹੈ। ਇਹ ਇਸ ਕਰਕੇ ਵੀ ਕਿ ਸਿੱਖ ਦਹਿਸ਼ਤ ਪਸੰਦੀ ਦਾ ਪਹਿਲਾਂ ਵਾਲਾ ਵਜੂਦ ਨਹੀਂ ਰਿਹਾ। ਦਿੱਲੀ ਅਤੇ ਹੋਰਨਾਂ ਸੂਬਿਆਂ ਵਿਚ ਬੰਬ ਕਾਂਡਾਂ ਨੇ ਜਿੱਡਾ ਜਨਤਕ ਵਿਰੋਧ ਖੜਿਆ ਹੈ, ਉਸਨੇ ਅਕਾਲੀ ਦਲ ਦੇ ਸਾਰੇ ਗਰੁੱਪਾਂ ਨੂੰ ਇਸ ਦੀ ਨਿੰਦਾ ਕਰਨ ਲਈ ਮਜਬੂਰ ਕਰ ਦਿੱਤਾ ਹੈ। ਅਕਾਲੀ ਦਲ ਦੇ ਸ਼ਰੋਮਣੀ ਆਗੂਆਂ ਦੇ ਅਸਤੀਫੇ ਦੇਣ ਵਾਲੀ ਖੇਡ ਇਹਨਾਂ ਦੇ ਖੁਸੇ ਵਕਾਰ ਨੂੰ ਬਹਾਲ ਕਰਨ 'ਚ ਸਹਾਈ ਹੋਈ ਹੈ। ਸੋ? ਖਾਲਿਸਤਾਨੀ ਦਹਿਸ਼ਤ ਪਸੰਦੀ ਦੀ ਇਹਨਾਂ ਨੂੰ ਪਹਿਲਾਂ ਵਾਂਗੂ ਵਰਤਨ ਦੀ ਲੋੜ ਨਹੀਂ ਲਗਦੀ। ਦੂਜੀ ਗੱਲ, ਕਿ ਭਿੰਡਰਾਂਵਾਲਾ ਕੁਝ ਹੀ ਸਮੇਂ ਵਿਚ ਕਿਵੇਂ ਉਭਰਿਆ? ਇਤਿਹਾਸ ਬੇਅੰਤ ਮਸ਼ਹੂਰ ਸਖਸ਼ੀਅਤਾਂ ਨਾਲ ਭਰਿਆ ਪਿਆ ਹੈ, ਪਰ

ਇਹਨਾਂ ਵਿਚਕਾਰ ਇਕ ਖ਼ੂਨੀ ਲਕੀਰ ਵੀ ਉੱਕਰੀ ਗਈ ਹੈ। ਲਕੀਰ ਦੇ ਇਕ ਪਾਸੇ ਮਨੁੱਖਤਾ ਦੇ ਲਹੂ ਨਾਲ ਲਿਬੜੇ ਖ਼ੂੱਲਾਂ ਵਾਲੇ ਜਰਵਾਣੇ ਲੋਟੂ ਹਨ ਅਤੇ ਦੂਜੇ ਪਾਸੇ ਲੋਕਾਂ ਦੀ ਅਗਵਾਈ ਕਰਨ ਵਾਲੇ ਮਹਾਨ ਸੂਰਬੀਰ ਹਨ। ਉਭਰ ਕੇ ਸਾਹਮਣੇ ਆਉਣਾ ਹੀ ਜੇ ਸੂਰਮਗਤੀ ਹੁੰਦਾ ਤਾਂ ਮੀਰ ਮਨੂੰ ਤੇ ਔਰੰਗਜ਼ੇਬ ਜਿਹੇ ਜਰਵਾਣਿਆਂ ਦੀ ਇਤਿਹਾਸ ਵਿਚ ਹੋਰ ਹੀ ਥਾਂ ਹੋਣੀ ਸੀ।

ਸਮਾਜ ਵਿਚ ਕੋਈ ਮਾਰਨ ਦੀਆਂ ਕਾਰਵਾਈਆਂ ਕਰਕੇ ਹੀ ਦਲੇਰ ਅਤੇ ਖਾੜਕੂ ਨਹੀਂ ਅਖਵਾ ਸਕਦਾ। ਕਮਿਊਨਿਸਟ ਇਨਕਲਾਬੀ (ਨਕਸਲਬਾੜੀ) ਹਰ ਘਟਨਾ ਨੂੰ ਵਿਗਿਆਨਕ ਦ੍ਰਿਸ਼ਟੀ ਤੋਂ ਵੇਖਦੇ ਹਨ। ਮਿਹਨਤਕਸ਼ ਲੋਕਾਂ ਦੇ ਹਿੱਤਾਂ ਦੇ ਪੈਂਤੜੇ ਤੋਂ ਖੜ੍ਹ ਕੇ ਵੇਖਦੇ ਹਨ। ਕਮਿ: ਇ: ਦੀ ਧਿਰ ਲੁਟੇਰਿਆਂ ਪੱਖੀ ਨਿਜ਼ਾਮ ਨੂੰ ਚਕਨਾ-ਚੂਰ ਕਰਕੇ ਲੋਕਾ-ਸ਼ਾਹੀ ਪ੍ਰਬੰਧ ਸਿਰਜਣ ਦੀ ਮੁਦੱਈ ਹੈ। ਇਹ ਧਿਰ ਲੋਕਾਂ ਨੂੰ ਹਿੰਦੂ ਸਿੱਖ ਜਾਂ ਮੁਸਲਮਾਨ ਆਦਿ ਫਿਰਕਿਆਂ ਦੇ ਤੌਰ 'ਤੇ ਨਹੀਂ ਦੇਖਦੀ। ਲੁਟੇਰਿਆਂ ਵਿਰੁੱਧ ਲੜਣ ਸਮੇਂ ਉਹਨਾਂ ਦੇ ਧਰਮ ਨੂੰ ਆਧਾਰ ਨਹੀਂ ਬਣਾ-ਉਂਦੀ। ਪਰ ਫਿਰਕੂ ਜਨੂੰਨੀ ਪੈਂਤੜੇ ਤੋਂ ਖੜ੍ਹ ਕੇ ਕੀਤੀ ਕੋਈ ਵੀ ਕਾਰਵਾਈ ਲੋਕਾਂ ਦੇ ਹਿੱਤ 'ਚ ਨਹੀਂ ਜਾਂਦੀ। ਇਹ ਪੈਂਤੜਾ ਜਿਥੇ ਲੁਟੇਰਿਆਂ ਦੇ ਇਕ ਹਿੱਸੇ ਨੂੰ ਆਪਣੇ ਧਰਮ ਜਾਂ ਫਿਰਕੇ ਦਾ ਲੇਬਲ ਲਾ ਕੇ ਬਚਾਉਂਦਾ ਹੈ, ਉਥੇ ਮਿਹਨਤੀ ਲੋਕਾਂ ਦੇ ਏਕੇ ਨੂੰ ਧਰਮ ਜਾਂ ਫਿਰਕੇ ਦੇ ਆਧਾਰ ਤੇ ਵੰਡ ਕੇ ਖੋਰਾ ਲਾਉਂਦਾ ਹੈ। ਸਿੱਟੇ ਵਜੋਂ ਇਹ ਫਿਰਕੂ ਪੈਂਤੜਾ, ਲੁਟੇਰੇ ਪ੍ਰਬੰਧ ਦੀ ਉਮਰ ਲੰਬੀ ਕਰਨ ਲਈ ਹਾਕਮ ਜਮਾਤਾਂ ਦੀ ਸੇਵਾ ਹੀ ਕਰਦਾ ਹੈ। ਕਮਿ: ਇਨ-ਕਲਾਬੀ ਧਿਰ ਦੀ ਇਸ ਪੈਂਤੜੇ ਨਾਲ ਕੋਈ ਸਾਂਝ ਨਹੀਂ ਹੋ ਸਕਦੀ। ਸਗੋਂ ਇਸ ਧਿਰ ਦੇ ਇਨਕਲਾਬ ਵੱਲ ਅੱਗੇ ਵਧਦੇ ਸਮੇਂ ਫਿਰਕੂ ਜਨੂੰਨੀਆਂ ਦੀਆਂ ਦਹਿਸ਼ਤੀ ਕਾਰਵਾਈਆਂ ਨਾਲ ਸਿੱਧੇ ਮੱਥੇ ਟੱਕਰਣ ਦਾ ਸੁਆਲ ਵੀ ਦਰਪੇਸ਼ ਹੁੰਦਾ ਹੈ।

ਗਿੱਲ ਭਰਾਵਾਂ ਦੇ ਸਾਥੀਆਂ ਨੂੰ ਇਹ ਸਾਫ਼ ਹੋਣਾ ਚਾਹੀਦਾ ਹੈ ਕਿ ਕਮਿ. ਇਨ. ਦੀ ਧਿਰ (ਨਕਸਲਬਾੜੀ) ਨੇ ਸਿਰਫ਼ ਦੁਸ਼ਮਣਾਂ ਨੂੰ ਸਰੀਰਕ ਤੌਰ ਤੇ ਹੀ ਖਤਮ ਨਹੀਂ ਕਰਨਾ, ਸਗੋਂ ਇਸਨੇ ਮੌਜੂਦਾ ਲੁਟੇਰੇ ਪ੍ਰਬੰਧ ਨੂੰ ਵੀ ਮਲੀਆ ਮੇਟ ਕਰਨਾ ਹੁੰਦਾ ਹੈ, ਜੋ ਲੋਕ ਦੁਸ਼ਮਣਾਂ ਦਾ ਜਣਨ-ਹਾਰ ਹੈ। ਸੋ ਦੁਸ਼ਮਣ ਪਾਸੋਂ ਬਦਲਾ ਲੈਣ ਦੀ "ਰਫਤਾਰ ਅਤੇ ਰੁੱਚੀ ਦੇ" ਮਸਲੇ ਨੂੰ ਇਹ ਧਿਰ ਕਿਸੇ "ਬੁੱਧ ਵਲੇਟ" ਵਾਂਗ ਨਹੀਂ ਲੈਂਦੀ।

ਕਿਸੇ ਸਮੇਂ ਪੀ. ਐਸ. ਯੂ. ਦੇ ਰਹੇ ਸਮਰਥਕਾਂ ਨੇ ਗੁਰਸ਼ਰਨ ਭਾ ਜੀ ਦੇ ਨਾਟਕਾਂ ਤੇ ਲੇਖਾਂ ਦਾ ਜ਼ਿਕਰ ਕੀਤਾ ਹੈ, ਜਿਹਨਾਂ ਨੇ ਉਹਨਾਂ ਨੂੰ ਜ਼ੁਲਮ ਵਿਰੁਧ ਲੜਨ ਲਈ ਪ੍ਰੇਰਿਆ ਹੈ। ਨਕਸਲਬਾੜੀ ਲਹਿਰ ਦੇ ਦਲੇਰੀ ਭਰੇ ਕਾਰਨਾਮਿਆਂ ਤੋਂ ਇਹ ਸਾਥੀ ਪ੍ਰਭਾਵਤ ਹਨ। ਪਰ ਇਹ ਸਾਥੀ ਅੱਜ ਵਿਗਿਆਨਕ ਲੀਹ ਤੋਂ ਲਹਿ ਗਏ ਹਨ। ਆਪਣੇ ਜੋਸ਼ ਤੇ ਵਹਾਅ 'ਚ ਆ ਕੇ ਜਿਸ ਪੈਂਤੜੇ ਤੇ ਚੱਲ ਰਹੇ ਹਨ, ਉਹ ਆਪਣੇ ਦੁਸ਼ਮਣਾਂ ਨੂੰ ਦੋਸਤ ਅਤੇ ਦੋਸਤਾਂ ਨੂੰ ਦੁਸ਼ਮਣਾਂ 'ਚ ਬਦਲ ਰਿਹਾ ਹੈ।

ਸੋ-ਅੱਜ ਜਿੱਥੇ ਹਾਕਮ ਜਮਾਤਾਂ ਦੀਆਂ ਸਾਰੀਆਂ ਪਿਛਾਂਹ ਖਿੱਚੂ ਚਾਲਾਂ ਤੋਂ ਸੁਚੇਤ ਰਹਿਣ ਦੀ ਲੋੜ ਹੈ, ਉਥੇ ਇਨ੍ਹਾਂ ਦੇ ਢਹੇ ਚੜ੍ਹੇ ਹਿੰਦੂ ਅਤੇ ਸਿੱਖ ਫਿਰਕੂ ਜਨੂੰਨੀਆਂ ਨੂੰ ਸਿੱਧੇ ਮੱਥੇ ਟਕਰਣ ਲਈ ਲੋਕਾਂ ਨੂੰ ਲਾਮਬੰਦ ਕਰਨਾ ਸਮੇਂ ਦੀ ਗੰਭੀਰ ਲੋੜ ਹੈ।—ਕਰਨਜੀਤ ਸਿੰਘ, ਬਠਿੰਡਾ

**3.** ਸੰਪਾਦਕ ਸਮਤਾ ਜੀ,

(1) ਜੂਨ ਦੇ ਅੰਕ 'ਚ ਗਿੱਲ ਭਰਾਵਾਂ ਦੀ ਚਿੱਠੀ ਦੇ ਜੁਆਬ 'ਚ ਜੋ ਸੁਰਿੰਦਰ ਸਿੰਘ ਅਬੋਹਰ ਦੀ ਚਿੱਠੀ ਛਪੀ ਹੈ ਉਹ ਬਿਲਕੁਲ ਗਲਤ ਪੈਂਤੜੇ ਤੋਂ ਲਿਖੀ ਗਈ ਹੈ ਤੇ ਉਸ ਵਿਚ ਗਿੱਲ ਭਰਾਵਾਂ ਨੂੰ ਸਮਝਾਉਣ ਨਾਲੋਂ ਧਮਕਾਉਣ ਦਾ ਪੈਂਤੜਾ ਵੱਧ ਲਿਆ ਗਿਆ ਹੈ ਜੋ ਕਿ ਬੇਹੱਦ ਖਤਰਨਾਕ ਹੈ। ਸਾਥੀ ਦੀ ਭਾਸ਼ਾ ਵੀ ਕੋਈ ਵਧੀਆ ਨਹੀਂ ਹੈ। ਸੋ ਅੱਗੇ ਤੋਂ ਅਜਿਹੀਆਂ ਚਿੱਠੀਆਂ ਸਮਤਾ ਵਿਚ ਨਾ ਹੀ ਛਪਣ ਤਾਂ ਚੰਗਾ ਹੈ ਕਿਉਂਕਿ ਸਮਝਾਉਣ ਦਾ ਜੋ ਅਸਲ ਤਰੀਕਾ ਹੈ ਉਹ ਉਸੇ ਹੀ ਅੰਕ 'ਚ ਛਪੀ I.P.F. ਵਾਲੇ ਸਾਥੀਆਂ ਦੀ ਚਿੱਠੀ ਵਿਚ ਜ਼ਾਹਰ ਹੈ ਤੇ ਇਹੀ ਦਰੁਸਤ ਪੈਂਤੜਾ ਹੈ।

(2) ਕਰਮ ਬਰੱਸਟ ਦੇ ਲੇਖ ਬਾਰੇ ਕੁਝ ਸ਼ਬਦ

1. ਸਾਥੀ ਨੇ ਨਵੰਬਰ 'ਚ ਹੋਏ ਕਤਲਾਂ ਬਾਰੇ ਕਿਹਾ ਹੈ ਇਹ ਹਿੰਦੂ ਫਿਰਕਾਪ੍ਰਸਤਾਂ ਵਲੋਂ ਪੁਲਸ ਤੇ ਪ੍ਰਬੰਧਕੀ ਮਸ਼ੀਨਰੀ ਦੀ ਮਿਲੀ ਭੁਗਤ ਨਾਲ ਵਾਪਰੇ। ਹਰ ਕੋਈ ਜਾਣਦਾ ਹੈ ਕਿ ਇਹ ਦੰਗੇ ਕਾਂਗਰਸ ਆਈ ਵਲੋਂ ਬਕਾ-ਇਦਾ ਜਥੇਬੰਦ ਢੰਗ ਨਾਲ ਆਪਣੇ ਸ਼ਹਿਰੀ ਵੋਟ ਬੈਂਕ (ਪਛੜੀਆਂ ਕਲੋਨੀਆਂ ਜੋ ਸਰਕਾਰ ਨੇ ਵਸਾਈਆਂ ਹਨ ਤੇ ਜਿਨ੍ਹਾਂ 'ਚ ਖਾਸ ਕਰਕੇ ਪਛੜੀਆਂ ਜਾਤਾਂ ਦੇ ਗਰੀਬ ਲੋਕ ਰਹਿੰਦੇ ਹਨ ਤੇ ਜੋ ਅਕਸਰ ਕਾਂਗਰਸ ਤੇ ਕਈ ਹੋਰ ਵਿਰੋਧੀ ਪਾਰਟੀਆਂ ਦੀਆਂ ਰੈਲੀਆਂ ਦਾ ਸ਼ਿੰਗਾਰ ਬਣਦੇ ਹਨ) ਦੀ ਮੱਦਦ ਨਾਲ ਕੀਤੇ ਗਏ। ਸੋ ਇਹ ਹਿੰਦੂ ਫ਼ਿਰਕਾਪ੍ਰਸਤ ਨਹੀਂ ਹਨ ਜੋ ਦੰਗਿਆਂ ਦੇ ਮੁੱਖ ਦੋਸ਼ੀ ਹਨ ਸਗੋਂ ਇਹ ਕਾਂਗਰਸ ਆਈ ਹੈ ਜੋ ਮੁੱਖ ਦੋਸ਼ੀ ਹੈ, ਜਿਸ ਵਿਚ ਸਭ ਧਰਮਾਂ, ਜਾਤਾਂ ਤੇ ਕੌਮੀਅਤਾਂ ਦੇ ਠੱਗ ਹਨ।

2. ਅੱਗੇ ਜਾ ਕੇ ਸਾਥੀ ਲਿਖਦਾ ਹੈ ਕਿਉਂਕਿ ਭਾਰਤ ਇਕ ਅਰਧ ਜਗੀਰੂ—ਅਰਧ ਬਸਤੀਵਾਦੀ ਮੁਲਕ ਹੈ ਤੇ ਇਹ ਬਹੁ-ਕੌਮੀ, ਬਹੁ ਧਰਮੀ ਅਤੇ ਬਹੁ ਭਾਸ਼ੀ ਮੁਲਕ ਹੈ ਸੋ ਇਥੇ ਫ਼ਿਰਕਾਪ੍ਰਸਤੀ ਅਟੱਲ ਹੈ। ਇਹ ਗੱਲ

ਦਰੁੱਸਤ ਹੈ ਕਿ ਭਾਰਤ ਇਕ ਬਹੁ-ਭਾਸ਼ੀ,ਬਹੁ-ਕੌਮੀਅਤ ਤੇ ਬਹੁ-ਧਰਮੀ ਮੁਲਕ ਹੈ ਪਰ ਭਾਰਤ ਇਕ ਅਰਧ ਜਗੀਰੂ —ਅਰਧ ਬਸਤੀਵਾਦੀ ਮੁਲਕ ਹਰਗਿਜ਼ ਨਹੀਂ ਹੈ ਸਗੋਂ ਸੱਚਾਈ ਇਹ ਹੈ ਕਿ ਭਾਰਤ ਇਕ ਹਾਵੀ ਸਰਮਾਏਦਾਰ ਮੁਲਕ ਹੈ। ਸਰਮਾਏਦਾਰੀ ਦੇ ਵਿਕਾਸ ਨਾਲ ਜਗੀਰੂ ਸੋਚ ਇਕਦਮ ਨਹੀਂ ਮਰ ਜਾਂਦੀ ਸਗੋਂ ਇਹ ਲੰਬਾ ਸਮਾਂ ਜਿਊਂਦੀ ਰਹਿੰਦੀ ਹੈ ਤੇ ਕੇਵਲ ਇਹੀ ਸੋਚ ਫਿਰਕਾਪ੍ਰਸਤੀ ਦੀ ਜੜ੍ਹ ਨਹੀਂ। ਇੰਗਲੈਂਡ 'ਚ ਪਾਵੇਲ ਐਂਡ ਕੰਪਨੀ ਵਲੋਂ ਭਾਰਤੀਆਂ ਖਿਲਾਫ਼ ਜੋ ਦੰਗੇ ਭੜਕਾਏ ਗਏ ਸਨ ਉਹ ਇਹ ਸਿੱਧ ਕਰਦੇ ਹਨ ਕਿ ਕੇਵਲ ਅਰਧ ਜਗੀਰੂ—ਅਰਧ ਬਸਤੀਵਾਦੀ ਮੁਲਕ 'ਚ ਹੀ ਫਿਰਕੂ ਦੰਗੇ ਜ਼ਰੂਰੀ ਨਹੀਂ ਹਨ। ਹਾਂ ਇਹ ਗੱਲ ਦਰੁੱਸਤ ਹੈ ਕਿ ਘੱਟ ਗਿਣਤੀ ਕੌਮੀਅਤ ਦੀਆਂ ਕੁਝ ਸਮੱਸਿਆਵਾਂ ਹਨ ਪਰ ਕਮਿਊਨਿਸਟਾਂ ਲਈ ਮੁੱਖ ਗੱਲ ਜਮਾਤੀ ਘੋਲ ਹੀ ਹੈ ਤੇ ਕੌਮੀਅਤਾਂ ਦੀ ਲੜਾਈ ਇਸ ਘੋਲ ਦੇ ਤਹਿਤ ਹੀ ਲੜੀ ਜਾਣੀ ਚਾਹੀਦੀ ਹੈ।

3. ਅੱਗੇ ਜਾ ਕੇ ਸਾਥੀ ਇਹ ਸਿੱਧ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿ ਫਿਰਕੂ ਦੰਗੇ ਕੇਵਲ ਉਦੋਂ ਭੜਕਦੇ ਹਨ ਜਦੋਂ ਉਤਰੀ ਭਾਰਤ ਦੀ ਸੰਸਕ੍ਰਿਤੀ ਨੂੰ ਕੋਈ ਘੱਟ ਗਿਣਤੀ ਕੌਮੀਅਤ ਜਾਂ ਕਿਸੇ ਹੋਰ ਭਾਗ ਦੇ ਲੋਕ ਚੈਲੰਜ ਕਰਦੇ ਹਨ। ਪਰ ਹਕੀਕਤ ਇਸ ਦਲੀਲ ਦੇ ਪਰਖਚੇ ਉਡਾ ਦਿੰਦੀ ਹੈ। ਭਲਾ 1947 ਦੇ ਦੰਗਿਆਂ 'ਚ ਕਿਸਦੀ ਸੰਸਕ੍ਰਿਤੀ ਚੈਲੰਜ ਕੀਤੀ ਗਈ ਤੇ ਕਿਸ ਨੇ ਕੀਤੀ ? ਮੁਰਾਦਾਬਾਦ, ਅਲੀਗੜ੍ਹ, ਮੁਜੱਫਰਪੁਰ ਆਦਿ ਦੇ ਦੰਗਿਆਂ 'ਚ ਕਿਸਨੇ ਉੱਤਰੀ ਭਾਰਤ ਦੀ ਸੰਸਕ੍ਰਿਤੀ ਚੈਲੰਜ ਕੀਤੀ ਸੀ ? ਤੇ ਹੁਣੇ ਹੁਣੇ ਗੁਜਰਾਤ ਦਾ ਰਿਜ਼ਰਵੇਸ਼ਨ ਵਿਰੋਧੀ ਅੰਦੋਲਨ ਜੋ ਫਿਰਕੂ ਦੰਗਿਆਂ ਦਾ ਰੂਪ ਧਾਰ ਗਿਆ ਹੈ 'ਚ ਕਿਹੜੀ ਸੰਸਕ੍ਰਿਤੀ ਚੈਲੰਜ ਕੀਤੀ ਜਾ ਰਹੀ ਹੈ ? ਸਾਥੀ ਜੀ, ਅਸਲ ਵਿਚ ਫਿਰਕਾਪ੍ਰਸਤੀ ਹਾਕਮ ਜਮਾਤਾਂ ਦੀ ਅਣਸਰਦੀ ਲੋੜ ਹੈ ਜਿਸਨੂੰ ਉਹ ਮੌਕਾ ਪੈਣ ਤੇ ਪੂਰੀ ਤਾਕਤ ਨਾਲ ਵਰਤਦੇ ਹਨ। ਸੋ ਇਸੇ ਤਰਾਂ ਪੰਜਾਬ ਅੰਦਰ ਹਿੰਦੂ ਸਿੱਖ ਤਣਾਉ ਇਸ ਚੈਲੰਜ ਦੀ ਪੈਦਾਵਾਰ ਨਹੀਂ ਹੈ ਸਗੋਂ ਇਹ ਅਕਾਲੀ ਦਲ ਦਾ ਦੋਹਰਾ ਕਰੈਕਟਰ ਹੈ ਜਿਸ ਨੇ ਪੰਜਾਬ ਵਿਚ ਫਿਰਕਾਪ੍ਰਸਤੀ ਨੂੰ ਮੁੱਖ ਤੌਰ ਤੇ ਵਧਾਇਆ ਹੈ। ਜਿਥੇ ਆਰਥਕ ਲੋੜਾਂ ਅਕਾਲੀਆਂ ਨੂੰ ਸਾਰੇ ਪੰਜਾਬੀਆਂ (ਸਮੇਤ ਵਿਰੋਧੀ ਪਾਰਟੀਆਂ) ਨੂੰ ਨਾਲ ਲੈ ਕੇ ਚਲਣ ਲਈ ਮਜਬੂਰ ਕਰਦੀਆਂ ਹਨ ਉਥੇ ਇਸ ਦਾ ਧਾਰਮਕ ਅਧਾਰ ਇਸ ਨੂੰ ਕੇਵਲ ਸਿੱਖਾਂ ਤੱਕ ਸੁੰਗੇੜ ਕੇ ਰੱਖ ਦਿੰਦਾ ਹੈ। ਜਿਵੇਂ ਇਹ ਕਦੇ ਪੰਜਾਬੀਆਂ ਨਾਲ ਧੱਕਾ ਤੇ ਕਦੇ ਸਿੱਖਾਂ ਨਾਲ, ਕਦੇ ਪੰਜਾਬੀਆਂ ਦੀਆਂ ਮੰਗਾਂ, ਤੇ ਕਦੇ ਸਿੱਖਾਂ ਦੀਆਂ ਮੰਗਾਂ, ਦੀ ਪੈਂਤੜੇਬਾਜ਼ੀ ਤੋਂ ਸਪਸ਼ਟ ਜ਼ਾਹਰ ਹੁੰਦਾ ਹੈ। ਤੇ ਇਸੇ ਥਿੜਕਵੀਂ ਪੁਜੀਸ਼ਨ ਨੂੰ ਕਾਂਗਰਸ ਨੇ ਬਾ-ਖੂਬੀ ਵਰਤਿਆ ਹੈ ਤੇ ਇਕ ਵਾਰ

## ਕਣਕ ਦੀ ਰਾਖੀ

### ਧਰਮ ਪਾਲ ਉਪਾਸ਼ਕ

ਖੇਤ ਸਵਾਰੇ ਬੀਜੀਆਂ ਕਣਕਾਂ ਉੱਗੀਆਂ ਗਿੱਠ ਗਿੱਠ ਹੋਈਆਂ।
ਗੋਡੀ ਦਿੱਤੀ ਖਾਦ ਖਿਲਾਰੀ ਖੇਤ ਛਡਣ ਖੁਸ਼ਬੋਈਆਂ।
ਗੋਡੇ ਗੋਡੇ ਹੋਈਆਂ ਕਣਕਾਂ ਮੋਤੀਆਂ ਵਰਗੇ ਦਾਣੇ।
ਝਖੜ, ਮੀਂਹ, ਹਨੇਰੀ ਖੇਤੀ ਸੌ ਸੌ ਵਰਤਣ ਭਾਣੇ।
ਬਚੀ ਬਚਾਈ 'ਕਠੀ ਕੀਤੀ ਸ਼ਾਹਾਂ ਫਤਿਹ ਬੁਲਾਈ।
ਮਿੱਟੀ ਦੇ ਵਿਚ ਮਿਲ ਕੇ ਰਹਿ ਗਈ ਜਟਾਂ ਦੀ ਚਤਰਾਈ।
ਬੋਹਲ ਬਣੇ ਤਾਂ ਮੰਡੀ ਪਹੁੰਚੀ ਅੱਧਾ ਕਰਜ ਚੁਕਾਇਆ।
ਬਾਕੀ ਲਹਿਣੇਦਾਰਾਂ ਤਾਈਂ ਝੂਠਾ ਲਾਰਾ ਲਾਇਆ।
ਖਾਲੀ ਜੇਬਾਂ ਹੱਥ ਝਾੜਦਾ ਜੱਟ ਪਿੰਡ ਨੂੰ ਮੁੜਿਆ।
ਗਿਆ ਲੁੱਟਿਆ ਸਿਖਰ ਦੁਪਹਿਰੇ ਕੀ ਮਿਹਨਤ ਚੋਂ ਜੁੜਿਆ।
ਪੈਰ ਪੁਟਿਆ ਪਿਛੇ ਜਾਂਦਾ ਸੌ ਸੌ ਜੁਗਤ ਬਣਾਵੇ।
ਕਿੰਜ ਬੱਚਿਆਂ ਨੂੰ ਲਾਰਾ ਲਾਵੇ ਕਿਸ ਨੂੰ ਕਥਾ ਸੁਣਾਵੇ।
ਅਕਿਆ ਥਕਿਆ ਗੱਲ ਗੱਲ ਤੇ ਘਰ ਵਿਚ ਮਾਰ ਕੁਟਾਈ।
ਅਸਲੀ ਕਾਰਨ ਮੂਲ ਨਾ ਜਾਣੇ ਕਿਸ ਦੇ ਨਾਲ ਲੜਾਈ।
ਹਉਕੇ ਭਰ ਭਰ ਪਤਨੀ ਰੋਵੇ ਪੇਕਿਆਂ ਵੈਰ ਕਮਾਇਆ।
ਖੇਤਾਂ ਵਾਲੇ ਨੇ ਚੰਦਰੀ ਨੂੰ ਕਿਹੜਾ ਰਾਜ ਕਰਾਇਆ।
ਚਾ ਜੱਟੀ ਜੋ ਮਾਲਾ ਵਾਂਗੂੰ ਦਿਲ ਦੇ ਵਿਚ ਪਰੋਏ।
ਤਾਂ ਹੀ ਪੂਰੇ ਹੋਵਣ ਜੇਕਰ ਕਣਕ ਆਪਣੀ ਹੋਏ।
ਗਹਿਣੇ ਗਟੇ ਖਰਚ ਪੀ ਗਿਆ ਹੁਸਨ ਪੀ ਲਿਆ ਥੋੜਾਂ।
ਜੋਬਨ ਰੁੱਤੇ ਮੂੰਹ ਕੁਮਲਾਇਆ ਅਜੇ ਨਾ ਫਲੀਆਂ ਲੋੜਾਂ।
ਗਲ ਆਈ ਮੁਟਿਆਰ ਕੁੜੀ ਦੇ ਹੱਥ ਮੰਗਦੇ ਚੂੜਾ।
ਐਸੀਆਂ ਪਾਇਆਂ ਮੀਤ ਨਾ ਮਿਲਦੇ ਅਜੇ ਹਨੇਰਾ ਗੂੜਾ।
ਸਿਆਲ ਹੰਢਾਵੇ ਧੁੱਪਾਂ ਝੱਲੇ ਪੈਰ ਸੱਪਾਂ ਤੇ ਧਰਦਾ।
ਅੰਨਦਾਤੇ ਦੀ ਕੋਠੀ ਖਾਲੀ ਲੱਖ ਤਸੀਹੇ ਜਰਦਾ।
ਤਕਾਵੀ ਵਾਲੇ ਪੁਲੀਸ ਲਜਾਕੇ ਰੋਜ਼ ਮਾਰਦੇ ਫੇਰਾ।
ਕਿਵੇਂ ਲੁਕ ਲੁਕ ਜਿੰਦ ਬਚਾਵੇ ਤੰਗ ਹੋਗਿਆ ਘੇਰਾ।
ਭੁੱਖ ਦਾ ਗੁਸਾ ਆਪੂੰ ਕੱਢਣ ਮਾਰ ਮਾਰ ਕੇ ਚਾਂਗਾਂ।
ਜਿਹਨਾ ਸ਼ਾਹ ਤੋਂ ਪੱਤ ਬਚਾਉਣੀ ਉਹ ਆਪਣੇ ਸਿਰ ਡਾਂਗਾਂ।
ਵੱਟਾਂ ਬਨਿਆਂ ਪਿਛੇ ਝਗੜਾ ਰੋਜ਼ ਕਚਹਿਰੀ ਠਾਣੇ।
ਗਹਿਣੇ ਕਰ ਕਰ ਭੋਏਂ ਆਪਣੀ ਜੱਟ ਛਾਤੀਆਂ ਤਾਣੇ।
ਏਨੀ ਭਾਦੀ ਹਾਲਤ ਮੰਦੀ ਕਿਉਂ ਹੋਈ ਕਿਸ ਕੀਤੀ।
ਕੁਝ ਆਪਣੀ ਸੋਚ ਦੇ ਸਦਕਾ ਕੁਝ ਹਾਕਮ ਦੀ ਨੀਤੀ।
ਖੂਨ ਪਸੀਨੇ ਦੀ ਮਿਹਨਤ 'ਚੋਂ ਹੱਥ ਸ਼ਾਹਾਂ ਨੇ ਰੰਗੇ।
ਜੱਟ ਸਦਾ ਹੀ ਝੋਲੀ ਕਰਕੇ ਜਾ ਸ਼ਾਹਾਂ ਤੋਂ ਮੰਗੇ।
ਨੇਤਾਵਾਂ ਦੀ ਫੁੱਟ ਨੇ ਇਸ ਤੇ ਖੂਬ ਨੇ ਡੰਗ ਚਲਾਏ।
ਜੋਗੀ ਬਣ ਕੇ ਵਿਸ ਚੂਸ ਲੇ ਕੋਈ ਨਾ ਨਜ਼ਰੀਂ ਆਏ।
ਨਾ ਖੁਸ਼ੀਆਂ ਨਾ ਭੰਗੜੇ ਗਿਧੇ ਰਹੂ ਉਦਾਸ ਵਿਸਾਖੀ।
ਜੇ ਸ਼ਾਹਾਂ ਤੋਂ ਕਰ ਨਾ ਸਕਿਆ ਜੱਟ ਕਣਕ ਦੀ ਰਾਖੀ।

o

Registered with the Registrar, News Papers, Vide No MA/12397-D dated 18.4 80
Post Office No. P/AR—133

ਤਾਂ ਸਮੁੱਚੇ ਹਿੰਦੂ ਵੋਟਰ ਨੂੰ, ਆਪਣੇ ਖੰਭਾਂ ਹੇਠ ਲਿਜਾਣ ਵਿਚ ਸਫਲ ਵੀ ਹੋਈ ਹੈ।

2) ਸਾਥੀ ਨੇ ਅੱਗੇ ਜਾ ਕੇ ਕਮਿਊਨਿਸਟਾਂ ਲਈ ਮੁੱਖ ਕਾਰਜ ਫਿਰਕਾਪ੍ਰਸਤੀ ਵਿਰੁਧ ਲੜਨ ਦਾ ਕੱਢਿਆ ਹੈ ਤੇ ਪੁਛਿਆ ਹੈ ਕਿ ਕੀ ਕੌਮੀ ਤੇ ਕੌਮਾਂਤਰੀ ਕਾਰਜ਼ ਨਜਿਠੇ ਬਗੈਰ ਅੱਗੇ ਨਹੀਂ ਤੁਰਿਆ ਜਾ ਸਕਦਾ ? ਹਾਂ ਸਾਥੀ ਜੀ ਬਿਲਕੁਲ ਨਹੀਂ ਤੁਰਿਆ ਜਾ ਸਕਦਾ ਕਿਉਂਕਿ ਅੱਜ ਕਮਿਊਨਿਸਟ ਲਹਿਰ ਸਾਹਮਣੇ ਜਿਥੇ ਰੂਸ ਤੇ ਚੀਨ ਦੇ ਉਲਟ ਇਨਕਲਾਬਾਂ ਦਾ ਡੂੰਘਾ ਅਧਿਅਨ ਕਰਨ ਦੀ ਲੋੜ ਹੈ ਤੇ ਇਹ ਸਵਾਲ ਸਾਰੇ ਕਮਿਊਨਿਸਟਾਂ ਇਨਕਲਾਬੀਆਂ ਦੇ ਏਜੰਡੇ ਤੇ ਆਉਣਾ ਚਾਹੀਦਾ ਹੈ ਕਿ ਅੱਜ ਹਿੰਦੁਸਤਾਨ ਅੰਦਰ ਪਾਰਟੀ ਉਸਾਰੀ ਦਾ ਅਮਲ ਕਿਵੇਂ ਚੱਲੇ। ਇਸ ਲਈ ਇਕ ਜ਼ੋਰਦਾਰ ਵਿਚਾਰਧਾਰਕ ਸਿਆਸੀ ਜਦੋਜਹਿਦ ਛੇੜਨੀ ਚਾਹੀਦੀ ਹੈ। ਅਜੇਹਾ ਇਸ ਕਰਕੇ ਜ਼ਰੂਰੀ ਹੈ ਕਿ ਇਕ ਹਕੀਕੀ ਪ੍ਰੋਗਰਾਮ (ਜੋ ਹਿੰਦੁਸਤਾਨ ਦੀਆਂ ਠੋਸ ਹਾਲਤਾਂ ਨਾਲ ਮੇਲ ਖ਼ਾਂਦਾ ਹੋਵੇ) ਦੀ ਅਣਹੋਂਦ 'ਚ ਅਸੀਂ ਚਾਹੇ ਕਿੰਨੀ ਵੀ ਵੱਡੀ ਇਨਕਲਾਬੀ ਲਹਿਰ ਖੜੀ ਕਰ ਲਈਏ, ਉਹ ਅਸਲ ਨਿਸ਼ਾਨੇ ਤੋਂ ਭਟਕ ਜਾਵੇਗੀ। ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਜਨਤਕ ਜਦੋਜਹਿਦਾਂ ਨੂੰ ਬਿਲਕੁਲ ਤਿਲਾਂਜਲੀ ਦੇ ਦਈਏ, ਸਗੋਂ ਬੈਲੇਂਸਡ ਚੱਲਣ ਦੀ ਲੋੜ ਹੈ ਤੇ ਵਿਚਾਰਧਾਰਕ ਸੰਘਰਸ਼ ਨੂੰ, ਜੋ ਇਕ ਹਕੀਕੀ ਕਮਿਊਨਿਸਟ ਪਾਰਟੀ ਦੀ ਉਸਾਰੀ ਲਈ ਜ਼ਰੂਰੀ ਹੈ, Primary ਕਾਰਜ ਵਜੋਂ ਲਿਆ ਜਾਣਾ ਚਾਹੀਦਾ ਹੈ ਤੇ ਜਿਸ ਲਈ ਇਕ ਫੋਰਮ ਦੀ ਜ਼ਰੂਰਤ ਹੈ ਤੇ ਨਾਲ ਹੀ ਇਕ ਕੁਲ ਹਿੰਦ ਪੱਧਰ ਦੇ ਪੇਪਰ ਦੀ, ਜੋ ਕਿ ਸਾਰੀਆਂ ਧਿਰਾਂ ਦੀਆਂ ਪੁਜੀਸ਼ਨਾਂ ਨੂੰ ਇਨਕਲਾਬੀ ਘੇਰਿਆਂ ਤੱਕ ਲਿਜਾ ਸਕੇ।

ਬਾਕੀ ਸਾਥੀ ਵਲੋਂ ਇਕ ਪੇਪਰ ਸਬੰਧੀ ਕੀਤੀ ਗਈ ਟਿੱਪਣੀ ਬਿਲਕੁਲ ਵਾਜਬ ਤੇ ਦਰੁਸਤ ਹੈ।

ਇੰਦਰਜੀਤ (ਹੁਸ਼ਿਆਰਪੁਰ)

## ਮਹਿਮਾ-ਸਵਾਈ ਦੇ ਲੋਕਾਂ ਸਾਧ ਦਬੱਲ ਦਿੱਤਾ

ਸਮਾਜਕ, ਆਰਥਕ ਤੇ ਸਭਿਆਚਾਰਕ ਵਿਗਾੜ ਅਨੇਕਾਂ ਦੁੱਖਾਂ ਤਕਲੀਫ਼ਾਂ ਦੀ ਜੜ੍ਹ ਹਨ। ਅਨਪੜ੍ਹਤਾ ਇਹਨਾਂ ਦੁੱਖਾਂ ਤਕਲੀਫਾਂ ਨੂੰ ਹੋਰ ਬੜਾਵਾ ਦਿੰਦੀ ਹੈ। ਜਿੰਨ੍ਹਾਂ ਤੋਂ ਸਤੇ ਹੋਏ ਅਨਪੜ੍ਹ ਲੋਕ, ਸਿਹਤ ਸਹੂਲਤਾਂ ਦੀ ਘਾਟ ਤੇ ਪਛੜੇ-ਪਣ ਕਰਕੇ, ਇਹਨਾਂ ਦੇ ਹੱਲ ਲਈ ਟੂਣੇ-ਟਾਮਣ ਤੇ ਧਾਗੇ-ਤਵੀਤ ਕਰਨ ਵਾਲੇ "ਸਿਆਣਿਆਂ" ਦੇ ਚਰਨੀਂ ਜਾ ਲਗਦੇ ਹਨ। ਕਈ ਪੜ੍ਹੇ-ਲਿਖੇ ਅਣਭੋਲ ਵਿਅਕਤੀ ਵੀ ਸਾਧਾਂ ਦੇ ਡੇਰੇ ਜਾਣ ਲੱਗਦੇ ਹਨ।

ਅਜਿਹੀ ਹੀ ਘਟਨਾ ਜ਼ਿਲ੍ਹਾ ਬਠਿੰਡਾ ਦੇ ਪਿੰਡ ਮਹਿਮਾ ਸਵਾਈ 'ਚ ਵਾਪਰੀ ਹੈ। ਗੱਲ ਇਉਂ ਹੋਈ, ਵਾਹਵਾ ਲੰਬੇ ਅਰਸੇ ਤੋਂ ਪਿੰਡ ਦਾ ਹੀ ਇਕ ਮੁੰਡਾ ਸਾਧਾਂ ਨਾਲ ਫਿਰਦਾ ਫਿਰਦਾ "ਸਿਆਣਾ" ਬਣ ਗਿਆ। ਪਿੰਡ ਦੇ ਬਾਹਰਵਾਰ ਖਾਲੀ ਪਏ ਡੇਰੇ ਨੂੰ ਆਵਦਾ "ਮੰਦਰ" ਬਣਾ ਕੇ ਲੱਗਾ ਦੁੱਖੀਆਂ ਦੇ ਦੁੱਖ ਹਰਨ। ਲੋਕਾਂ ਦੇ ਸਰੀਰਾਂ 'ਚੋਂ ਭੂਤਾਂ ਪ੍ਰੇਤਾਂ ਨੂੰ ਕੱਢਦਾ ਕੱਢਦਾ ਬਹੁਤਿਆਂ ਨੂੰ ਕੁੱਟ ਕੁੱਟ ਕੇ ਉਹ ਹਮੇਸ਼ਾ ਲਈ ਮੰਜੇ ਤੇ ਪਾ ਦਿੰਦਾ। ਇਥੋਂ ਦੀ ਇਕ ਔਰਤ ਨੂੰ ਇਸ ਦੇ ਚਿਮਟਿਆਂ ਦੀ ਮਾਰ ਨੇ ਅੱਜ ਤੱਕ ਮੰਜਿਓਂ ਪੈਰ ਭੁੰਜੇ ਨੀ ਲਾਹੁਣ ਦਿੱਤਾ। ਇਕ ਹੋਰ ਵਿਅਕਤੀ 'ਚੋਂ ਪ੍ਰੇਤ ਕੱਢਣ ਵੇਲੇ ਉਸ ਦੇ ਪੈਰਾਂ ਨੂੰ ਲਾਏ ਤੱਤੇ ਸਰੀਏ ਵਾਲੀ ਥਾਂ 'ਚ ਪੱਕ ਕੇ ਗਧ ਪਈ ਫਿਰਦੀ ਆ। ਹਿਸਟੀਰੀਏ ਦੀਆਂ ਮਰੀਜ਼ ਕੁੜੀਆ ਨਸ਼ੇ ਨਾਲ ਧੁੱਤ ਸਾਧ ਦੇ ਚਿਮਟੇ ਦੀ ਮਾਰ ਖਾਂਦਿਆਂ ਸੁਧ-ਬੁਧ ਖੋਹ ਬੈਠਦੀਆਂ। ਹੌਲੀ ਹੌਲੀ ਇਸ ਬੂਥਨੇ ਸਾਧ ਤੇ ਭੋਲੇ ਮਰੀਜ਼ਾਂ ਨੂੰ ਵਰਗਲਾਉਣਾ ਸ਼ੁਰੂ ਕਰ ਦਿੱਤਾ ਅਤੇ ਇਸ ਤਰ੍ਹਾਂ ਬਦਮਾਸ਼ੀ ਦਾ ਅੱਡਾ ਵੀ ਬਣਾ ਲਿਆ।

ਮਹਿਮਾ ਸਵਾਈ ਦੇ ਨੇੜਲੇ ਪਿੰਡਾਂ ਦੇ ਸੁਲਝੇ ਲੋਕ ਖ਼ਾਸ ਕਰਕੇ ਪਿੰਡਾਂ ਦੇ ਮਾਸਟਰ ਇਸ ਕੋਹੜ ਨੂੰ ਪਿੰਡੋਂ ਕੱਢਣ ਦੀ ਵਿਉਂਤ ਬਨਾਉਣ ਲੱਗ ਪਏ। ਭੁਗਤਾਂ ਨੂੰ ਸਮਝਾਉਣ ਲੱਗੇ। ਭੂਸਰੇ ਸਾਧ ਦੇ ਚੇਲਿਆਂ ਨੇ ਇਕ ਦਿਨ ਮੋਹਰੀ ਮਾਸਟਰ ਨੂੰ ਘੇਰ ਕੇ ਉਸ ਤੇ ਵਾਰ ਕੀਤਾ। ਪਰ ਮਾਸਟਰ ਦੀ ਜੁਅੱਰਤ ਨੇ ਉਥੋਂ ਹੀ ਤਲੋਂਬੜ ਚੱਕਕੇ ਸਾਧ ਤੇ ਉਸਦੀ ਫੌਜ ਨੂੰ ਡੇਰੇ 'ਚੋਂ ਬਾਹਰ ਕੱਢ ਵਾਹਣੀ ਪਾ ਲਿਆ। ਸ਼ਾਮ ਨੂੰ ਪਿੰਡ ਦੇ ਲੋਕ ਕੱਠੇ ਹੋ ਕੇ ਠਾਣੇ ਗਏ। ਸਾਧ ਨੂੰ ਪੁਲੀਸ ਫੜ ਕੇ ਤਾਂ ਲੈ ਗਈ ਪਰ ਉਹ ਸਾਧ ਦੇ ਬਦਮਾਸ਼ੀ-ਡੇਰੇ ਨੂੰ ਬੰਦ ਕਰਾਉਣ ਦੀ ਥਾਂ ਮਾਸਟਰ ਨਾਲ ਹੋਏ ਰੌਲੇ ਦਾ ਟਿਕ-ਟਿਕਾਅ ਹੀ ਕਰਾਉਣਾ ਚਾਹੁੰਦੀ ਸੀ। ਪਿੰਡ ਦੀ ਪੰਚਾਇਤ ਨੇ ਲਾਗਲੇ ਪਿੰਡਾਂ ਦੇ ਲੋਕਾਂ ਦੇ ਕੱਠ 'ਚ ਫੈਸਲਾ ਕੀਤਾ ਕਿ ਇਸ ਦਾ ਡੰਡਾ-ਡੇਰਾ ਚੁਕਵਾਉਣਾ ਹੈ। ਦੂਜੇ ਦਿਨ ਕੱਠੇ ਹੋਏ ਲੋਕਾਂ ਨੇ ਧੋਲ-ਧੱਫਾ ਵੀ ਕਰ ਦਿੱਤਾ ਤੇ ਥੂਥਨੇ ਨੂੰ ਦਬੱਲ ਵੀ ਦਿੱਤਾ।

ਬਿਨਾਂ ਸ਼ੱਕ ਲੋਕਾਂ ਦੇ ਏਕੇ ਨੇ ਇਸ ਪਾਖੰਡੀ ਸਾਧ ਨੂੰ ਦਬੱਲ ਦਿੱਤਾ ਹੈ ਪਰ ਉਹ ਕਿਸੇ ਹੋਰ ਥਾਂ ਜਾ ਕੇ ਇਸ ਤੋਂ ਵੀ ਵੱਡਾ ਅਡੰਬਰ ਰਚ ਸਕਦਾ ਹੈ ਅਤੇ ਇਥੇ ਕੋਈ ਹੋਰ ਥੂਥਨਾ "ਪਰਗਟ" ਹੋ ਸਕਦਾ ਹੈ। ਸੋ, ਲੋੜ ਹੈ ਇਹਨਾਂ ਦੇ ਪੂਰੇ ਭੇਖਾਂ-ਪਖੰਡਾਂ ਨੂੰ ਸਮਝਣ ਦੀ ਅਤੇ ਹੋਰ ਲੋਕਾਂ ਨੂੰ ਸਮਝਾਉਣ ਦੀ।

—ਕਰਮਜੀਤ ਸਿੰਘ, ਬਠਿੰਡਾ